ੴ ਸਤਿਗੁਰ ਪ੍ਰਸਾਦਿ ॥

# ਜਗਤ ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਸ੍ਰੀ ਗੁਰੂ ਅੰਗਦ ਦੇਵ ਜੀ

## ਟਕਤੂਬਰ 2016 ਵਰੇਗੰਢ ਦੇ ਸ਼ੁਭ ਲਵਸਰ ਤੇ ਆਪ ਸਭ ਜੀ ਨੂੰ ਹਾਰਦਿਕ ਵਧਾਈ

ੴ

## ਭਾਈ ਲਹਿਣਾ ਜੀ ਅਧਿਆਤਮਿਕ ਗਿਆਨ ਦੀ ਪ੍ਰਾਪਤੀ ਲਈ ਗੁਰੂਚਰਣਾਂ ਵਿੱਚ


**ਪ੍ਰਕਾਸ਼ਕ**

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਰ ਚੈਰਿਟੇਬਲ ਟਰਸਟ, ਚੰਡੀਗੜ੍ਹ



ਲੇਖਕ: ਜਸਬੀਰ ਸਿੰਘ Ph. : (0172-2696891), 09988160484



Download Free

# ਭਾਈ ਲਹਿਣਾ ਜੀ ਅਧਿਆਤਮਿਕ ਗਿਆਨ ਦੀ ਪ੍ਰਾਪਤੀ ਲਈ ਗੁਰੂਚਰਣਾਂ ਵਿੱਚ

ਸ੍ਰੀ ਗੁਰੂਅੰਗਦ ਦੇਵ ਜੀ ਦਾ ਪਹਿਲਾ ਨਾ ਭਾਈ ਲਹਿਣਾ ਜੀ ਸੀ। ਆਪ ਜੀ ਦਾ ਜਨਮ 18 ਅਪ੍ਰੈਲ 15●4 (ਅਨੁਸਾਰ 4 ਵੈਸਾਖ ਸੰਮਤ 1561) ਨੂੰ ਪਿੰਡ ਮੱਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਪੰਜਾਬ ਵਿਚ ਪਿਤਾ ਫੇਰੂਮੱਲ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ।

ਆਪ ਜੀ ਦੇ ਪਿਤਾ ਫੇਰੂਮੱਲ ਜੀ ਸਥਾਨਕ ਚੌਧਰੀ ਤਖਤ ਮੱਲ ਦੇ ਕੋਲ ਆਮਦਨ-ਖਰਚ ਦਾ ਹਿਸਾਬ ਕਿਤਾਬ ਰੱਖਣ ਲਈ ਮੁਨੀਮ ਦਾ ਕੰਮ ਕਰਦੇ ਸਨ। ਆਪ ਦੇ ਪਿਤਾ ਫਾਰਸੀ ਦੇ ਵਿਦਵਾਨ ਸਨ ਅਤੇ ਗਣਿਤ ਦੇ ਵਧੀਆ ਗਿਆਤਾ ਹੋਣ ਕਰਕੇ ਵਹੀ-ਖਾਤੇ ਦੇ ਕੰਮ ਵਿਚ ਚੰਗੀ ਤਰ੍ਹਾਂ ਨਿਪੁੰਨ ਸਨ। ਉਨ੍ਹਾਂ ਨੇ ਆਪਣੇ ਪੁੱਤਰ ਲਹਿਣਾ ਜੀ ਦੇ ਲਈ ਵਿੱਦਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਉਹ ਸਨਾਤਨ ਧਰਮ ਨੂੰ ਮੰਨਣ ਵਾਲੇ ਸਨ ਤੇ ਵੈਸ਼ਨੋ ਦੇਵੀ ਦੇ ਭਗਤ ਸਨ। ਉਹ ਧਾਰਮਿਕ ਕੰਮਾਂ ਵਿਚ ਬਹੁਤ ਰੁਚੀ ਰਖਦੇ ਸਨ। ਦੇਵੀ ਪੂਜਾ ਉਨ੍ਹਾਂ ਦੇ ਨਿਯਮਿਤ ਕੰਮਾਂ ਦਾ ਜ਼ਰੂਰੀ ਅੰਗ ਸੀ। ਆਪ ਸਾਲ ਵਿਚ ਇੱਕ ਵਾਰੀ ਦੇਵੀ ਦੇ ਦਰਸ਼ਨਾਂ ਲਈ ਜੰਮੂਦੇ ਨੇੜੇ ਕਟੜਾ ਨਗਰ ਜਾਇਆ ਕਰਦੇ ਸਨ। ਉਨ੍ਹਾਂ ਦੇ ਇਨ੍ਹਾਂ ਕੰਮਾਂ ਦਾ ਬਾਲਕ ਹਿਣਾ ਜੀ ਤੇ ਪੂਰਾ ਪ੍ਰਭਾਵ ਸੀ। ਫੇਰੂਮਲ ਜੀ ਇੱਕ ਬਹੁਤ ਪਵਿੱਤਰ ਜੀਵਨ ਚਰਿੱਤਰ ਵਾਲੇ ਵਿਅਕਤੀ ਸਨ।

ਲਹਿਣਾ ਜੀ ਤੇ ਪਿਤਾ ਦੇ ਸੰਸਕਾਰਾਂ ਦਾ ਡੂੰਘਾ ਪ੍ਰਭਾਵ ਸੀ। ਉਹ ਸਮਾਜ ਸੇਵਾ ਵਿਚ ਬਹੁਤ ਰੁਚੀ ਰਖਦੇ ਸਨ। ਦੀਨ-ਦੁਖੀਆਂ ਦੀ ਸੇਵਾ ਆਪ ਜੀ ਦਾ ਮੁੱਖ ਉਦੇਸ਼ ਸੀ। ਆਪ ਜੀ ਨੂੰ ਜਦੋਂ ਵੀ ਸਮਾਂ ਮਿਲਦਾ ਯਾਤਰੀਆਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੇ ਸਨ। ਆਪ ਸੱਚੇ ਸੁੱਚੇ ਜੀਵਨ ਨੂੰ ਵਧੇਰੇ ਮਹੱਤਵ ਦਿੰਦੇ ਸਨ। ਬਚਪਨ ਵਿਚ ਜਦੋਂ ਆਪ ਮਿੱਤਰਾਂ ਨਾਲ ਖੇਡਦੇ ਤਾਂ ਕਦੀ ਵੀ ਛਲ-ਕਪਟ ਦੀ ਖੇਡ ਨਾ ਆਪ ਖੇਡਦੇ ਨਾ ਹੀ ਦੂਜਿਆਂ ਨੂੰ ਖੇਡਣ ਦੇਂਦੇ।

ਚੌਧਰੀ ਤਖਤਮੱਲ ਦੀ ਬੇਟੀ ਸਮਰਾਈ ਜੀ ਜਿਨ੍ਹਾਂ ਦਾ ਘਰੇਲੂ ਨਾ ਵਿਰਾਈ ਸੀ, ਫੇਰੂਮੱਲ ਜੀ ਦੀ ਮੂੰਹ ਬੋਲੀ ਭੈਣ ਸੀ। ਉਹ ਆਪਣੇ ਭਤੀਜੇ 'ਲਹਿਣਾ' ਨਾਲ ਬਹੁਤ ਪਿਆਰ ਕਰਦੀ ਸੀ। ਉਸਦਾ ਵਿਆਹ ਖਡੂਰ ਨਗਰ ਦੇ ਇੱਕ ਅਮੀਰ ਘਰਾਣੇ ਦੇ ਚੌਧਰੀ ਮਹਿਮੇ ਨਾਲ ਹੋ ਗਿਆ। ਕੁਝ ਸਮੇਂ ਬਾਅਦ ਭੂਆ ਵਿਰਾਈ ਜੀ ਨੇ

ਆਪਣੇ ਭਤੀਜੇ ਲਹਿਣਾ ਜੀ ਦਾ ਵਿਆਹ ਵੀ ਖਡੂਰ ਤੋਂ ਦੋ ਮੀਲ ਦੀ ਦੂਰੀ ਤੇ ਸਥਿਤ ਸੰਘਰ ਪਿੰਡ ਦੇ ਇੱਕ ਖੁਸ਼ਹਾਲ ਪਰਿਵਾਰ ਦੇਵੀ ਚੰਦ ਮਰਵਾਹਾ ਦੀ ਸਪੁੱਤਰੀ ਕੁਮਾਰੀ ਖੇਮਵਤੀ ਨਾਲ ਕਰਵਾ ਦਿੱਤਾ, ਜਿਸ ਦਾ ਘਰੇਲੂਨਾਂ ਖੀਵੀ ਜੀ ਸੀ। ਇਹ ਵਿਆਹ ਸੰਨ 1519 ਵਿਚ ਹੋਇਆ। ਉਸ ਸਮੇਂ ਲਹਿਣਾ ਜੀ ਦੀ ਉਮਰ ਕੇਵਲ ਪੰਦਰਾਂ ਸਾਲ ਦੀ ਸੀ।

ਆਪ ਨੇ ਆਪਣੇ ਪਿਤਾ ਦੇ ਸਹਿਯੋਗ ਨਾਲ ਮੱਤੇ ਦੀ ਸਰਾਂ ਵਿਖੇ ਇੱਕ ਛੋਟਾ ਜਿਹਾ ਵਿਉਪਾਰ ਸ਼ੁਰੂਕੀਤਾ। ਇਸ ਵਪਾਰ ਵਿਚ ਕਿਸਾਨਾਂ ਤੋਂ ਉਨ੍ਹਾਂ ਦਾ ਉਤਪਾਦਨ ਖਰੀਦ ਕੇ ਉਸਦੇ ਬਦਲੇ ਵਿਚ ਉਨ੍ਹਾਂ ਲੋਕਾਂ ਨੂੰ ਘਰੇਲੂਜ਼ਰੂਰਤਾਂ ਦੀ ਸਮੱਗਰੀ ਦੇਣਾ ਸੀ, ਜੋ ਕਿ ਹੌਲੀ ਹੌਲੀ ਵਿਕਸਿਤ ਹੋਣ ਲੱਗਾ ਪਰ ਵਿਦੇਸ਼ੀ ਹਮਲਾਵਰਾਂ ਦੇ ਕਾਰਨ ਦੇਸ਼ ਵਿਚ ਸਥਿਰਤਾ ਨਾ ਰਹੀ। ਬਹੁਤ ਸਾਰੇ ਨਗਰਾਂ ਵਿਚ ਅਰਾਜਕਤਾ ਫੈਲ ਗਈ। ਕਾਨੂੰਨ ਵਿਵਸਥਾ ਦੇ ਭੰਗ ਹੋਣ ਦੇ ਕਾਰਨ ਲੋਕ ਦਿੱਲੀ-ਪਿਸ਼ਾਵਰ ਦੇ ਮੁੱਖ ਮਾਰਗ ਦੇ ਨਿਕਟਵਰਤੀ ਇਲਾਕਿਆਂ ਨੂੰ ਛੱਡ ਕੇ ਦੂਰ-ਦਰਾਜ ਦੇ ਇਲਾਕਿਆਂ ਵਿਚ ਜਾ ਕੇ ਵਸਣਾ ਠੀਕ ਸਮਝਣ ਲੱਗੇ। ਅਜਿਹੇ ਹਾਲਾਤਾਂ ਕਾਰਨ ਲਹਿਣਾ ਜੀ ਆਪਣੇ ਸਹੁਰਿਆਂ ਦੇ ਪਿੰਡ ਦੇ ਨੇੜੇ ਆਪਣੀ ਭੂਆ ਜੀ ਦੇ ਨਗਰ ਖਡੂਰ ਆ ਵੱਸੇ। ਉਸ ਸਮੇਂ ਆਪ ਜੀ ਦੀ ਉਮਰ ਵੀਹ ਸਾਲ ਦੀ ਸੀ। ਖਡੂਰ ਨਗਰ ਵਿਚ ਵੀ ਆਪ ਨੇ ਉਹੀ ਕਿੱਤਾ ਅਪਣਾਇਆ, ਜੋ ਹੌਲੀ-ਹੌਲੀ ਵਧਣ-ਫੁੱਲਣ ਲੱਗਾ। ਇਥੇ ਵੀ ਆਪ ਦੇ ਪਿਤਾ ਸ੍ਰੀ ਫੇਰੂਮੱਲ ਜੀ ਨੇ ਦੁਰਗਾ ਦੇਵੀ ਦੇ ਭਗਤਾਂ ਦੀ ਇੱਕ ਮੰਗਲੀ ਬਣਾ ਲਈ ਜੋ ਸਾਲ ਵਿਚ ਇੱਕ ਵਾਰ ਦੇਵੀ ਦੇ ਦਰਸ਼ਨਾਂ ਲਈ ਸਾਥੀਆਂ ਨਾਲ ਜਾਇਆ ਕਰਦੇ ਸਨ। 1626 ਵਿਚ ਉਨ੍ਹਾਂ ਦੀ ਸਿਹਤ ਵਿਗੜਨ ਲੱਗੀ, ਜਿਸ ਨਾਲ ਉਨ੍ਹਾਂ ਦਾ ਦਿਹਾਂਤ ਹੋ ਗਿਆ। ਹੁਣ ਘਰ ਦੀ ਸਭ ਤਰ੍ਹਾਂ ਦੀ ਜ਼ਿੰਮੇਵਾਰੀ ਲਹਿਣਾ ਜੀ ਦੇ ਮੋਢਿਆਂ ਤੇ ਆ ਪਈ, ਲਹਿਣਾ ਜੀ ਦੇ ਚਾਰ ਬੱਚੇ ਹੋਏ ਪੁੱਤਰ ਦਾਤੀ ਜੀ, ਦਾਸੂਜੀ, ਪੁੱਤਰੀਆਂ ਅਮਰੋ ਜੀ ਅਤੇ ਅਨੋਖੀ ਜੀ। ਇਸ ਤਰ੍ਹਾਂ ਆਪ ਖਡੂਰ ਨਗਰ ਵਿਚ ਖੁਸ਼ਹਾਲ ਜੀਵਨ ਬਿਤਾ ਰਹੇ ਸਨ।

## ਸੰਪੂਰਨ ਗਿਆਨ ਦੀ ਅਭਿਲਾਸ਼ਾ

ਇਕ ਦਿਨ ਸਵੇਰੇ ਖਡੂਰ ਨਗਰ ਦੇ ਖੂਹ ਤੇ ਇਸ਼ਨਾਨ ਕਰਦਿਆਂ ਭਾਈ ਲਹਿਣਾ ਜੀ ਨੇ ਕਿਸੇ ਵਿਅਕਤੀ ਦੇ ਮੂੰਹੋਂ ਬੜੀ ਮਿੱਠੀ ਆਵਾਜ਼ ਵਿਚ ਕੁਝ ਲਾਈਨਾਂ ਸੁਣੀਆਂ, ਜੋ ਸਥਾਨਕ ਪੰਜਾਬੀ ਭਾਸ਼ਾ ਵਿਚ ਸਨ। ਇਨ੍ਹਾਂ ਦਾ ਭਾਵ ਅਰਥ ਬਿਲਕੁਲ ਸਪਸ਼ਟ ਸੀ, ਜਿਸ ਵਿਚ ਜਗਿਆਸੂਨੂੰ ਆਦਰਸ਼ ਜੀਵਨ ਜਿਉਣ

ਦੀ ਪ੍ਰੇਰਨਾ ਦਿੱਤੀ ਜਾ ਰਹੀ ਸੀ ਕਿ ਹੇ ਜਗਿਆਸੂ ਜੇ ਤੁਸੀਂ ਪ੍ਰਭੂ ਦੇ ਦਰਬਾਰ ਵਿਚ ਪਵਿੱਤਰ ਚਿਹਰਾ ਲੈ ਕੇ ਜਾਣਾ ਚਾਹੁੰਦੇ ਹੋ ਤਾਂ ਆਪਣਾ ਹਰ ਕੰਮ ਬਹੁਤ ਸਾਵਧਾਨੀ ਨਾਲ ਕਰੋ ਕਿਉਂਕਿ ਵਿਅਕਤੀ ਦੇ ਕਰਮ ਹੀ ਉਸ ਦੇ ਬੰਧਨਾਂ ਦਾ ਕਾਰਨ ਹਨ।

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ॥**

**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥**

**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥**

**ਜਿਉ ਸਾਹਿਬ ਨਾਲ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥**

**ਕਿਛੁ ਲਾਹੇ ਉਪਰਿ ਘਾਲੀਐ॥**

(ਅੰਗ–474)

ਇਹ ਲਾਈਨਾਂ ਗਾਉਣ ਵਾਲੇ ਵਿਅਕਤੀ ਖਡੂਰ ਨਗਰ ਦੇ ਭਾਈ ਜੋਧਾ ਜੀ ਸਨ, ਜੋ ਕਿ ਇਸ ਪਿੰਡ ਵਿਚ ਇੱਕ ਮਜ਼ਦੂਰ ਦਾ ਕੰਮ ਕਰਦੇ ਸਨ। ਧਿਆਨ ਨਾਲ ਜਦੋਂ ਦੁਬਾਰਾ ਇਹੀ ਲਾਈਨਾਂ ਭਾਈ ਲਹਿਣਾ ਜੀ ਨੇ ਸੁਣੀਆਂ ਤਾਂ ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਉਨ੍ਹਾਂ ਨੂੰ ਇਸ ਬਾਣੀ ਵਿਚ ਸਪਸ਼ਟ ਨਜ਼ਰ ਆ ਗਿਆ। ਇਸ਼ਨਾਨ ਕਰਨ ਤੋਂ ਬਾਅਦ ਭਾਈ ਲਹਿਣਾ ਜੀ ਨੇ ਭਾਈ ਜੋਧਾ ਨੂੰ ਨਿਮਰਤਾ ਨਾਲ ਪੁੱਛਿਆ, "ਤੁਸੀਂ ਜਿਹੜੀ ਰਚਨਾ ਪੜ੍ਹ ਰਹੇ ਸੀ, ਉਹ ਕਿਸ ਮਹਾਂਪੁਰਸ਼ ਦੀ ਹੈ?" ਜਵਾਬ ਵਿਚ ਭਾਈ ਜੋਧਾ ਜੀ ਨੇ ਦੱਸਿਆ, "ਰਾਵੀ ਨਦੀ ਦੇ ਕੰਢੇ ਤੇ ਨਵੇਂ ਵੱਸੇ ਨਗਰ ਕਰਤਾਰਪੁਰ ਵਿਖੇ ਇੱਕ ਪੂਰਨ ਸਮਰੱਥ ਪੁਰਸ਼ ਕਹਿੰਦੇ ਹਨ ਜਿਨ੍ਹਾਂ ਦਾ ਨਾਂ ਨਾਨਕ ਦੇਵ ਹੈ, ਉਹੀ ਇਸ ਬਾਣੀ ਦੇ ਰਚਨਹਾਰ ਹਨ।" ਇਹ ਸੁਣ ਕੇ ਭਾਈ ਲਹਿਣਾ ਜੀ ਨੂੰ ਯਾਦ ਆਇਆ ਕਿ ਉਨ੍ਹਾਂ ਦੀ ਭੂਆ ਜੀ ਵੀ ਤਾਂ ਇਨ੍ਹਾਂ ਹੀ ਮਹਾਂਪੁਰਸ਼ਾਂ ਦੇ ਬਾਰੇ ਅਕਸਰ ਦੱਸਦੀ ਹੈ ਅਤੇ ਉਹ ਉਨ੍ਹਾਂ ਦੇ ਦਰਸ਼ਨਾਂ ਲਈ ਵੀ ਕਈ ਵਾਰ ਜਾਂਦੀ ਹੈ। ਇਹ ਸਭ ਸੋਚ ਕੇ ਭਾਈ ਲਹਿਣਾ ਜੀ ਮਨ ਵਿਚ ਵਿਚਾਰ ਕਰਨ ਲੱਗੇ ਕਿ ਮੈਨੂੰ ਵੀ ਇਨ੍ਹਾਂ ਮਹਾਂਪੁਰਸ਼ਾਂ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਦੀ ਬਾਣੀ ਵਿਚ ਜੀਵਨ ਦਾ ਸਾਰ ਹੈ। ਜਦੋਂ ਅਸੀਂ ਲੋਕ, ਜੋ ਦੇਵੀ ਦੀ ਪੂਜਾ ਦੀ ਪ੍ਰਸ਼ੰਸਾ ਵਿਚ ਭੇਟਾ ਗਾਉਂਦੇ ਹਾਂ, ਉਹ ਅਧਿਆਤਮਕ ਸੰਸਾਰ ਵਿਚ ਲਾਹਾ ਨਹੀਂ ਦੇਂਦੀਆਂ ਕਿਉਂਕਿ ਉਹ ਸਿਰਫ ਕੋਰੀ ਕਲਪਨਾ

ਤੇ ਆਧਾਰਤ ਹਨ ਜਦ ਕਿ ਇਹ ਅਨੁਭਵ ਗਿਆਨ ਤੇ ਆਧਾਰਿਤ ਹੈ। ਅਜਿਹਾ ਲੱਗਦਾ ਹੈ ਕਿ ਰਚਨਹਾਰ ਪ੍ਰਭੂ ਨਾਲ ਇੱਕ ਮਿੱਕ ਹੋ ਕੇ ਗਾ ਰਿਹਾ ਹੈ। ਹੁਣ ਲਹਿਣਾ ਜੀ ਨੇ ਇੱਕ ਫੈਸਲਾ ਕੀਤਾ ਕਿ ਇਸ ਵਾਰ ਦੇਵੀ ਦੇ ਦਰਸ਼ਨਾਂ ਲਈ ਜਾਵਾਂਗਾ ਤਾਂ ਰਾਹ ਵਿਚ ਰੁਕ ਕੇ ਇਨ੍ਹਾਂ ਮਹਾਂਪੁਰਸ਼ਾਂ ਦੇ ਦਰਸ਼ਨ ਵੀ ਜ਼ਰੂਰ ਕਰਾਂਗਾ। ਸ਼ਾਇਦ ਇਨ੍ਹਾਂ ਤੋਂ ਮੈਨੂੰ ਪੂਰਨ ਗਿਆਨ ਪ੍ਰਾਪਤ ਹੋ ਜਾਵੇ, ਜਿਸ ਲਈ ਮੈਂ ਕਈ ਸਾਲਾਂ ਤੋਂ ਕੋਸ਼ਿਸ਼ ਕਰ ਰਿਹਾ ਹਾਂ।

ਭਾਈ ਲਹਿਣਾ ਜੀ, ਆਪਣੇ ਪਿਤਾ ਫੇਰੂਮਲ ਜੀ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੇ ਥਾਂ ਤੇ ਖਡੂਰ ਨਗਰ ਦੇ ਦੇਵੀ ਭਗਤਾਂ ਦੀ ਅਗਵਾਈ ਕਰਦੇ ਸਨ। ਇਸ ਸਾਲ ਵੀ ਉਨ੍ਹਾਂ ਨੇ ਭਗਤ ਮੰਡਲੀ ਨੂੰ ਕਟੜਾ (ਦੇਵੀ ਦੇ ਸਥਾਨ) ਲੈ ਜਾਣ ਦਾ ਪ੍ਰੋਗਰਾਮ ਬਣਾਇਆ। ਆਪਣੀ ਪੰਸਾਰੀ ਦੀ ਦੁਕਾਨ ਦਾ ਕੰਮ ਆਪਣੇ ਪੁੱਤਰਾਂ ਨੂੰ ਸੌਂਪ ਕੇ ਆਪ ਨਿਸ਼ਚਿਤ ਸਮੇਂ ਮਨ ਵਿਚ ਗੁਰੂਦਰਸ਼ਨਾਂ ਦੀ ਇੱਛਾ ਲੈ ਕੇ ਦੇਵੀ ਭਗਤਾਂ ਦੀ ਮੰਡਲੀ ਨਾਲ ਚਲ ਪਏ। ਰਾਹ ਵਿਚ ਰਾਵੀ ਨਦੀ ਪਾਰ ਕਰਕੇ ਕਰਤਾਰਪੁਰ ਪਹੁੰਚੇ, ਪਰ ਆਪਣੇ ਸਾਥੀਆਂ ਨੂੰ ਨਗਰ ਦੇ ਬਾਹਰ ਸਰ੍ਹਾਂ ਵਿਚ ਆਰਾਮ ਕਰਨ ਦਾ ਸੁਝਾਉ ਦਿੱਤਾ।

## ਭਾਈ ਲਹਿਣਾ ਜੀ ਗੁਰੂਦੇਵ ਦੇ ਸਨਮੁੱਖ

ਸ੍ਰੀ ਗੁਰੂਨਾਨਕ ਦੇਵ ਜੀ, ਰੋਜ਼ਾਨਾ ਨੇਮ ਅਨੁਸਾਰ ਸਵੇਰੇ ਦੇ ਦਰਬਾਰ ਦੀ ਸਮਾਪਤੀ ਕਰਕੇ ਆਪਣੇ ਖੇਤਾਂ ਨੂੰ ਖੂਹ ਤੋਂ ਪਾਣੀ ਦੇ ਰਹੇ ਸਨ, ਉਸ ਸਮੇਂ ਇੱਕ ਘੋੜਸਵਾਰ ਨੌਜਵਾਨ ਉਨ੍ਹਾਂ ਦੇ ਨੇੜੇ ਆਇਆ ਅਤੇ ਪੁੱਛਣ ਲੱਗਾ, "ਬਾਬਾ ਜੀ ਮੈਂ ਨਾਨਕ ਦੇਵ ਜੀ ਦੇ ਘਰ ਜਾਣਾ ਹੈ, ਕ੍ਰਿਪਾ ਕਰਕੇ ਤੁਸੀਂ ਰਾਹ ਦੱਸ ਦੇਵੋ।" ਜਵਾਬ ਵਿਚ ਗੁਰੂਦੇਵ ਨੇ ਕਿਹਾ, "ਨੌਜਵਾਨ, ਮੈਂ ਤੁਹਾਨੂੰ ਉਥੇ ਪਹੁੰਚਾ ਦੇਂਦਾ ਹਾਂ।" ਉਹ ਘੋੜੇ ਦੀ ਲਗਾਮ ਹੱਥ ਵਿੱਚ ਫੜ ਕੇ ਗਲੀਆਂ ਵਿਚ ਚੱਲ ਪਏ। ਹਵੇਲੀ ਵਿਚ ਪਹੁੰਚਣ ਤੋਂ ਬਾਅਦ ਆਪ ਨੇ ਨੌਜਵਾਨਾਂ ਨੂੰ ਕਿਹਾ, "ਆਪ ਘੋੜਾ ਸਾਹਮਣੇ ਦਰੱਖਤ ਨਾਲ ਬੰਨ੍ਹ ਦਿਉ ਅਤੇ ਅੰਦਰ ਚਲੇ ਜਾਉ।" ਇਨੇ ਵਿਚ ਗੁਰੂਦੇਵ ਆਪਣੇ ਆਸਣ ਤੇ ਜਾ ਬਿਰਾਜੇ। ਘੋੜਾ ਬੰਨ੍ਹ ਕੇ ਜਦੋਂ ਨੌਜਵਾਨ ਦਰਬਾਰ ਵਿਚ ਪਹੁੰਚਿਆ ਤਾਂ ਹੈਰਾਨ ਹੋ ਗਿਆ ਅਤੇ ਪੁੱਛਣ ਲੱਗਾ ਕਿ ਆਪ ਹੀ ਗੁਰੂਨਾਨਕ ਦੇਵ ਹੋ। ਜਵਾਬ ਵਿਚ ਗੁਰੂਦੇਵ ਨੇ ਹੱਸ ਕੇ ਕਿਹਾ, "ਹਾਂ, ਮੈਂ ਹੀ ਨਾਨਕ ਹਾਂ।"

ਨੌਜਵਾਨ ਨੇ ਝਿਜਕਦਿਆਂ ਹੋਇਆਂ ਕਿਹਾ, "ਮੁਆਫ ਕਰਨਾ ਮੈਂ ਤੁਹਾਨੂੰ ਪਹਿਚਾਣਦਾ ਨਹੀਂ ਸੀ, ਨਹੀਂ ਤਾਂ ਅਜਿਹੀ (ਅਵਿੱਗਿਆ) ਗੁਸਤਾਖੀ ਕਦੀ ਨਾ ਕਰਦਾ। ਮੈਂ ਘੋੜੇ ਤੇ ਸਵਾਰ ਸੀ ਅਤੇ ਤੁਸੀਂ ਮੇਰੇ

ਘੋੜੇ ਦੇ ਮਾਰਗ-ਦਰਸ਼ਕ। ਇਹ ਮੇਰੇ ਤੋਂ ਅਨਰਥ ਹੋ ਗਿਆ।" ਗੁਰੂਦੇਵ ਨੇ ਜਵਾਬ ਵਿਚ ਕਿਹਾ, "ਨੌਜਵਾਨ, ਤੁਹਾਡਾ ਨਾਂ ਕੀ ਹੈ?" ਨੌਜਵਾਨ ਬੋਲਿਆ, "ਮੇਰਾ ਨਾਂ ਲਹਿਣਾ ਹੈ।" ਇਹ ਸੁਣ ਕੇ ਗੁਰੂਦੇਵ ਨੇ ਟਿੱਪਣੀ ਕੀਤੀ, "ਤੁਹਾਡਾ ਨਾਂ ਲਹਿਣਾ ਹੈ ਤਾਂ ਤੁਸੀਂ ਲੈਣਦਾਰ ਹੋ ਅਤੇ ਅਸੀਂ ਦੇਣਦਾਰ, ਬਸ ਇਹੀ ਕਾਰਨ ਸੀ ਕਿ ਤੁਸੀਂ ਘੋੜੇ ਤੇ ਸਵਾਰ ਸੀ ਅਤੇ ਮੈਂ ਪੈਦਲ ਤੁਹਾਡੇ ਘੋੜੇ ਦਾ ਮਾਰਗ-ਦਰਸ਼ਕ, ਇਸ ਵਿਚ ਚਿੰਤਾ ਦੀ ਕੋਈ ਗੱਲ ਨਹੀਂ।"

ਭਾਈ ਲਹਿਣਾ ਜੀ, ਗੁਰੂਦੇਵ ਦੀ ਨਿਮਰਤਾ, ਸਾਦਗੀ ਅਤੇ ਸਾਧਾਰਨ ਕਿਸਾਨਾਂ ਵਾਲਾ ਜੀਵਨ ਦੇਖ ਕੇ ਬਹੁਤ ਪ੍ਰਭਾਵਿਤ ਹੋਏ। ਗੁਰੂਦੇਵ ਨੇ ਉਨ੍ਹਾਂ ਤੋਂ ਸੁੱਖ-ਸਾਂਦ ਪੁੱਛੀ। ਭਾਈ ਲਹਿਣਾ ਜੀ ਨੇ ਜਵਾਬ ਵਿੱਚ ਦੱਸਿਆ, "ਮੈਂ ਖਡੂਰ ਨਗਰ ਦਾ ਇਕ ਛੋਟਾ ਜਿਹਾ ਦੁਕਾਨਦਾਰ ਹਾਂ, ਹਰ ਸਾਲ ਵੈਸ਼ਨੋ ਮਾਤਾ (ਦੁਰਗਾ ਜੀ) ਦੇ ਦਰਸ਼ਨਾਂ ਲਈ ਜੱਥਾ ਲੈ ਕੇ ਜਾਂਦਾ ਹਾਂ। ਇਸ ਸਾਲ ਵੀ ਉਥੇ ਜਾ ਰਿਹਾ ਹਾਂ। ਮੇਰੇ ਸਾਥੀ ਨਗਰ ਦੇ ਬਾਹਰ ਮੁੱਖ ਸੜਕ ਦੇ ਕਿਨਾਰੇ ਦੀ ਸਰ੍ਹਾਂ ਵਿਚ ਠਹਿਰੇ ਹਨ। ਕੇਵਲ ਮੈਂ ਹੀ ਤੁਹਾਡੇ ਦਰਸ਼ਨਾਂ ਲਈ ਆਇਆ ਹਾਂ ਕਿਉਂਕਿ ਮੈਂ ਇੱਕ ਦਿਨ ਸਵੇਰੇ ਸਵੇਰੇ ਖੂਹ ਤੇ ਇਸ਼ਨਾਨ ਕਰਦਿਆਂ ਤੁਹਾਡੇ ਇੱਕ ਸਿੱਖ ਭਾਈ ਜੋਧ ਜੀ ਤੋਂ ਤੁਹਾਡੀ ਬਾਣੀ ਸੁਣੀ ਸੀ ਜੋ ਕਿ ਬਹੁਤ ਪ੍ਰਭਾਵਸ਼ਾਲੀ ਸੀ, ਇਸ ਕਾਰਨ ਮੇਰਾ ਮਨ ਆਪ ਜੀ ਦੇ ਦਰਸ਼ਨਾਂ ਦੀ ਤਾਂਘ ਵਿਚ ਰਹਿੰਦਾ ਸੀ। ਅੰਤ ਅੱਜ ਮੌਕਾ ਮਿਲਦੇ ਹੀ ਪਹੁੰਚ ਗਿਆ ਹਾਂ।"

ਗੁਰੂਦੇਵ ਨੇ ਭਾਈ ਲਹਿਣਾ ਜੀ ਨੂੰ ਭੋਜਨ ਕਰਵਾ ਕੇ ਉਨ੍ਹਾਂ ਦਾ ਸਤਿਕਾਰ ਕੀਤਾ ਤੇ ਆਰਾਮ ਕਰਨ ਲਈ ਇੱਕ ਖਾਸ ਕਮਰੇ ਵਿਚ ਠਹਿਰਾਇਆ ਅਤੇ ਸ਼ਾਮ ਦੇ ਦੀਵਾਨ ਵਿਚ ਸ਼ਾਮਿਲ ਹੋਣ ਲਈ ਕਿਹਾ, ਸ਼ਾਮ ਦੇ ਦੀਵਾਨ ਵਿਚ ਸੰਗਤ ਮਿਲਜੁਲ ਕੇ ਕੀਰਤਨ ਕਰਨ ਲੱਗੀ। ਉਸ ਤੋਂ ਬਾਅਦ ਗੁਰੂਦੇਵ ਨੇ ਪ੍ਰਵਚਨਾਂ ਵਿਚ ਕਿਹਾ:-

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥

ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥

(ਰਾਗ ਸੋਰਠ ਪੰਨਾ-637)

ਸਮੂਹ ਵਿਸ਼ਵ ਦਾ ਕਰਤਾ ਇੱਕ ਪਾਰਬ੍ਰਹਮ ਪਰਮੇਸ਼ਵਰ ਹੀ ਹੈ। ਇਸ ਲਈ ਉਸ ਦੁਆਰਾ ਉਤਪੰਨ ਦੇਵੀ, ਦੇਵਤਿਆਂ ਦੇ ਅੱਗੇ ਹੱਥ ਨਹੀਂ ਪਸਾਰਨੇ ਚਾਹੀਦੇ ਕਿਉਂਕਿ ਉਨ੍ਹਾਂ ਨੂੰ ਵੀ ਉਸੇ ਪ੍ਰਮੇਸ਼ਵਰ ਤੋਂ ਸ਼ਕਤੀ

ਪ੍ਰਾਪਤ ਹੁੰਦੀ ਹੈ, ਜਿਸ ਨੇ ਜਗਤ ਦੀ ਸਿਰਜਨਾ ਕੀਤੀ ਹੈ ਇਸ ਲਈ ਸ਼ਕਤੀ ਪ੍ਰਾਪਤ ਕਰਨ ਲਈ ਸਿੱਧੀ ਉਸੇ ਦੀ ਉਪਾਸਨਾ ਅਤੇ ਅਰਾਧਨਾ ਕਰੋ ਜੋ ਸਭ ਦਾ ਮਾਲਕ ਹੈ, ਜੇ ਮਾਲਕ ਨੂੰ ਤਿਆਗ ਦੇ ਦਾਸੀ ਤੋਂ ਮੰਗੋਗੇ ਤਾਂ ਕੀ ਮਿਲੇਗਾ? ਇਹ ਕਿਰਿਆ ਉਸੇ ਤਰ੍ਹਾਂ ਦੀ ਹੋਵੇਗੀ ਜਿਸ ਤਰ੍ਹਾਂ ਕੋਈ ਮਨੁੱਖ ਮੱਖਣ ਪ੍ਰਾਪਤੀ ਦੀ ਇੱਛਾ ਨਾਲ ਪਾਣੀ ਨੂੰ ਰਿੜਕਨਾ ਸ਼ੁਰੂਕਰ ਦੇਵੇ। ਸਿੱਟੇ ਵਜੋਂ ਉਸ ਨੂੰ ਪਛਤਾਵਾ ਹੀ ਮਿਲੇਗਾ ਅਤੇ ਉਸ ਦੀ ਮਿਹਨਤ ਅਸਫਲ ਹੀ ਰਹੇਗੀ।

ਭਾਈ ਲਹਿਣਾ ਜੀ ਨੂੰ ਇਹ ਤਰਤੀਬ ਅਤੇ ਤਰਕ-ਸੰਗਤ ਪ੍ਰਵਚਨ ਬਹੁਤ ਚੰਗੇ ਲੱਗੇ। ਉਨ੍ਹਾਂ ਨੇ ਮਨ ਵਿਚ ਵਿਚਾਰ ਕੀਤਾ ਕਿ ਮੈਂ ਅੱਜ ਤੱਕ ਮਨ ਦੀ ਸ਼ਾਂਤੀ ਦੀ ਅਭਿਲਾਸ਼ਾ ਲਈ ਭਟਕਦਾ ਰਿਹਾ ਹਾਂ, ਗੁਰੂਦੇਵ ਦੇ ਕਥਨ ਅਨੁਸਾਰ ਤਾਂ ਮੇਰੀ ਸਾਰੀ ਮਿਹਨਤ ਵਿਅਰਥ ਚਲੀ ਗਈ ਹੈ। ਅਸਲ ਵਿਚ ਗਿਆਨ ਦੀ ਪ੍ਰਾਪਤੀ ਤਾਂ ਹੋਈ ਹੀ ਨਹੀਂ। ਮੈਂ ਹੁਣ ਇਨ੍ਹਾਂ ਮਹਾਂਪੁਰਸ਼ਾਂ ਤੋਂ ਉਹ ਗਿਆਨ ਪ੍ਰਾਪਤ ਕਰਨ ਦਾ ਯਤਨ ਕਰਾਂਗਾ, ਜਿਸ ਨਾਲ ਮੈਂ ਆਪਣੀਆਂ ਇੱਛਾਵਾਂ ਤੇ ਕਾਬੂਪਾ ਕੇ ਨਿਸ਼ਕਾਮ ਸੇਵਕ ਬਣ ਸਕਾਂ। ਮੈਨੂੰ ਕਿਸੇ ਚੀਜ਼ ਦੀ ਲੋੜ ਹੀ ਨਾ ਰਹੇ, ਜਿਸ ਨਾਲ ਮੇਰੀ ਮੰਗਣ ਦੀ ਭਾਵਨਾ ਹਮੇਸ਼ਾ ਦੇ ਲਈ ਖਤਮ ਹੋ ਜਾਵੇ।

ਅਜਿਹਾ ਵਿਚਾਰ ਕਰ ਕੇ ਭਾਈ ਲਹਿਣਾ ਜੀ ਨੇ ਗੁਰੂਦੇਵ ਦੇ ਚਰਨਾਂ ਵਿਚ ਪ੍ਰਾਰਥਨਾ ਕੀਤੀ, ਹੇ ਗੁਰੂਦੇਵ ਜੀ ! ਮੈਂ ਤੁਹਾਡੀ ਨੇੜਤਾ ਚਾਹੁੰਦਾ ਹਾਂ, ਜਿਸ ਨਾਲ ਮੈਂ ਪਰਮਾਰਥ ਦੀਆਂ ਬਾਰੀਕੀਆਂ ਦਾ ਡੂੰਘਾ ਅਧਿਐਨ ਕਰ ਸਕਾਂ। ਗੁਰੂਦੇਵ ਨੇ ਜਵਾਬ ਵਿਚ ਕਿਹਾ, "ਭਾਈ ਲਹਿਣਾ, ਇਹ ਤਾਂ, ਤਾਂ ਹੀ ਸੰਭਵ ਹੋ ਸਕਦਾ ਹੈ ਜੇ ਤੂੰ ਆਪਣੇ ਆਪ ਨੂੰ ਪੂਰਨ ਰੂਪ ਵਿਚ ਸਮਰਪਿਤ ਕਰ ਦੇਵੇ, ਨਹੀਂ ਤਾਂ ਦੁਵਿਧਾ ਵਿਚ ਪਏ ਮਨ ਨਾਲ ਕਿਸੇ ਕੰਮ ਦੀ ਵੀ ਸਿੱਧੀ ਪ੍ਰਾਪਤ ਨਹੀਂ ਕਰ ਸਕੋਗੇ।"

ਭਾਈ ਲਹਿਣਾ ਜੀ ਨੇ ਉਸੇ ਵੇਲੇ ਇਸ ਕੰਮ ਦੇ ਲਈ ਆਪਣੇ ਮਨ ਨੂੰ ਤਿਆਰ ਕਰਕੇ ਸਹਿਮਤੀ ਦੇ ਦਿੱਤੀ ਕਿ ਉਹ ਹਮੇਸ਼ਾ ਭਾਵ ਹਰ ਸਮੇਂ ਹਰ ਥਾਂ ਸਭ ਕੁਝ ਨਿਛਾਵਰ ਕਰਨ ਲਈ ਤੱਤਪਰ ਹਨ। ਬਸ ਉਨ੍ਹਾਂ ਨੂੰ ਆਤਮ ਗਿਆਨ ਚਾਹੀਦਾ ਹੈ।

ਗੁਰੂਦੇਵ ਨੇ ਇਸ ਤੇ ਸ਼ਰਤ ਰੱਖੀ ਅਤੇ ਕਿਹਾ, "ਭਾਈ ਦੇਖੋ ! ਇਹ ਮਾਰਗ ਔਖਾ ਹੈ। ਇਸ ਮਾਰਗ ਤੇ ਪੈਰ ਰੱਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ ਵਿਚਾਰ ਕਰ ਲਉ। ਇਸ ਪ੍ਰੇਮ ਮਾਰਗ ਤੇ ਇਕ ਵਾਰ ਪੈਰ ਰੱਖ ਕੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਣਾ ਹੋਵੇਗਾ। ਇਹ ਮਾਰਗ ਬਲੀਦਾਨ ਮੰਗਦਾ ਹੈ, ਪ੍ਰਾਣਾਂ ਦੀ ਆਹੂਤੀ ਮੰਗਦਾ

ਹੈ, ਜਿਸ ਲਈ ਸਿਰ ਤੇ ਕਫਨ ਬੰਨ੍ਹ ਕੇ ਚਲਣਾ ਪੈਂਦਾ ਹੈ ਤਾਂ ਹੀ ਕ੍ਰਾਂਤੀ ਸੰਭਵ ਹੁੰਦੀ ਹੈ, ਜਿਸ ਦੀ ਪ੍ਰਾਪਤੀ ਦੇ ਪਿਛੇ ਉਦੇਸ਼ ਛਿਪਿਆ ਹੁੰਦਾ ਹੈ।

ਭਾਈ ਲਹਿਣਾ ਜੀ ਨੇ ਜਵਾਬ ਵਿੱਚ ਕਿਹਾ, "ਜੇ ਮੈਨੂੰ ਉਦੇਸ਼ ਦੀ ਪ੍ਰਾਪਤੀ ਹੋ ਸਕਦੀ ਹੈ ਤਾਂ ਮੈਂ ਉਸ ਲਈ ਤਨ, ਮਨ, ਧਨ ਨਾਲ ਪੂਰਨ ਰੂਪ ਵਿਚ ਸਮਰਪਿਤ ਰਹਾਂਗਾ। ਬੇਸ਼ਕ ਆਪ ਕਦੇ ਵੀ ਪ੍ਰੀਖਿਆ ਲੈ ਸਕਦੇ ਹੋ। ਗੁਰੂਦੇਵ ਨੇ ਭਾਈ ਲਹਿਣਾ ਜੀ ਨੂੰ ਤਦ ਅਸੀਸ ਦਿੱਤੀ ਕਿ ਉਨ੍ਹਾਂ ਦੀ ਇੱਛਾ ਪੂਰੀ ਹੋਵੇ:-

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**

**ਸਿਰੁ ਧਰਿ ਤਲੀ ਗਲੀ ਮੇਰੀ ਆਉ॥**

**ਇਤ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥**

(ਰਾਗ ਪ੍ਰਭਾਤੀ, ਅੰਗ-1412)

ਭਾਈ ਲਹਿਣਾ ਜੀ ਨੇ ਦੂਜੇ ਦਿਨ ਆਪਣੇ ਸਾਥੀਆਂ ਨੂੰ ਕਹਿ ਕੇ ਵਿਦਾ ਕਰ ਦਿੱਤਾ ਕਿ ਉਹ ਲੋਕ ਆਪਣੀ ਯਾਤਰਾ ਤੇ ਅੱਗੇ ਚਲੇ ਜਾਣ। ਪਰ ਉਹ ਖੁਦ ਹੁਣ ਕਿਤੇ ਹੋਰ ਨਹੀਂ ਜਾਣਗੇ ਕਿਉਂਕਿ ਉਹ ਜਿਸ ਉਦੇਗ ਨੂੰ ਲੈ ਕੇ ਘਰ ਤੋਂ ਚੱਲੇ ਸਨ, ਉਹ ਉਥੇ ਹੀ ਪੂਰਾ ਹੋ ਗਿਆ ਹੈ।

ਭਾਈ ਲਹਿਣਾ ਜੀ ਦਾ ਮੇਲ ਗੁਰੂਦੇਵ ਦੇ ਦੂਜੇ ਸਿੱਖ ਬਾਬਾ ਬੁੱਢਾ ਜੀ ਨਾਲ ਹੋਇਆ, ਜੋ ਕਿ ਉਨ੍ਹਾਂ ਦੀ ਉਮਰ ਦੇ ਹੀ ਸਨ। ਇਨ੍ਹਾਂ ਦੋਹਾਂ ਦੀ ਜਲਦੀ ਹੀ ਗੂੜ੍ਹੀ ਮਿੱਤਰਤਾ ਹੋ ਗਈ ਕਿਉਂਕਿ ਦੋਹਾਂ ਦਾ ਉਦੇਸ਼ ਇੱਕ ਹੀ ਸੀ। ਇਕ ਦਿਨ ਬਾਬਾ ਬੁੱਢਾ ਜੀ ਨੇ ਭਾਈ ਲਹਿਣਾ ਜੀ ਨੂੰ ਉਨ੍ਹਾਂ ਦੇ ਪਰਿਵਾਰ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਆਪਣਾ ਪਰਿਵਾਰ ਦੇ ਬਾਰੇ ਦੱਸਿਆ, ਮੇਰਾ ਜਨਮ ਮੱਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸੰਨ 15●4 ਵਿਚ ਪਿਤਾ ਫੇਰੂਮੱਲ ਜੀ ਦੇ ਘਰ ਮਾਤਾ ਦਇਆ ਕੌਰ ਦੀ ਕੁੱਖੋਂ ਹੋਇਆ ਹੈ। ਉਪਜੀਵਿਕਾ ਦੇ ਲਈ ਅੱਜ-ਕੱਲ ਖਡੂਰ ਨਗਰ ਵਿਖੇ ਪੰਸਾਰੀ ਦੀ ਦੁਕਾਨ ਚਲਾ ਰਿਹਾ ਹਾਂ। ਮੇਰੀ ਪਤਨੀ ਦਾ ਨਾਮ ਖੀਵੀ ਹੈ, ਮੇਰੇ ਚਾਰ ਬੱਚੇ ਹਨ। ਦੋ ਪੁੱਤਰ ਅਤੇ ਦੋ ਪੁੱਤਰੀਆਂ, ਇਨ੍ਹਾਂ ਦੇ ਨਾਮ ਦਾਤੂਭਾਈ, ਦਾਸੂਭਾਈ, ਬੀਬੀ ਅਮਰੋ ਅਤੇ ਬੀਬੀ ਅਨੋਖੀ। ਕੁਝ ਦਿਨਾਂ ਲਈ ਘਰ ਵਾਪਸ ਜਾ ਕੇ ਕੰਮ-ਕਾਜ ਦੀ ਜ਼ਿੰਮੇਵਾਰੀ ਘਰਦਿਆਂ ਨੂੰ ਸੌਂਪ ਕੇ ਦੁਬਾਰਾ ਗੁਰੂਚਰਨਾਂ ਵਿਚ ਸੇਵਾ ਲਈ ਵਾਪਸ ਆ ਜਾਵਾਂਗਾ। ਇਸ ਤਰ੍ਹਾਂ ਕੁਝ ਦਿਨਾਂ ਬਾਅਦ ਭਾਈ ਲਹਿਣਾ ਜੀ ਗੁਰੂਦੇਵ ਤੋਂ ਆਗਿਆ ਲੈ ਕੇ ਘਰ ਦੀ ਦੇਖਭਾਲ ਲਈ ਆਪਣੇ ਨਗਰ ਖਡੂਰ ਚਲੇ ਗਏ।

# ਭਾਈ ਲਹਿਣਾ ਜੀ ਗੁਰੂਸੇਵਾ ਵਿਚ ਸਮਰਪਿਤ

ਸ੍ਰੀ ਗੁਰੂਨਾਨਕ ਦੇਵ ਜੀ ਇੱਕ ਦਿਨ ਆਪਣੇ ਰੋਜ਼ਾਨਾ ਕੰਮ ਦੇ ਅਨੁਸਾਰ ਝੋਨਾ (ਚਾਵਲ) ਦੀ ਫਸਲ ਵਿਚ ਘਾਹ ਕੱਢ ਰਹੇ ਸਨ ਤਾਂ ਭਾਈ ਲਹਿਣਾ ਜੀ ਉਨ੍ਹਾਂ ਨੂੰ ਮਿਲਣ ਆਏ। ਗੁਰੂਦੇਵ ਨੇ ਉਨ੍ਹਾਂ ਤੋਂ ਰਾਜ਼ੀ ਖੁਸ਼ੀ ਪੁੱਛੀ ਕਿ ਘਰ ਵਿਚ ਸਭ ਠੀਕ ਹੈ? ਲਹਿਣਾ ਜੀ ਨੇ ਜਵਾਬ ਵਿਚ ਦੱਸਿਆ ਕਿ ਘਰ ਦੇ ਕੰਮ ਦੀ ਜ਼ਿੰਮੇਵਾਰੀ ਆਪਣੇ ਭਾਣਜੇ ਨੂੰ ਸੌਂਪ ਕੇ ਅਤੇ ਲੋੜੀਂਦੀ ਪ੍ਰਬੰਧ ਕਰ ਕੇ ਉਹ ਗੁਰੂਜੀ ਦੀ ਸੇਵਾ ਵਿਚ ਹਾਜ਼ਰ ਹੋਏ ਹਨ। ਇਸ ਤੇ ਗੁਰੂਦੇਵ ਨੇ ਕਿਹਾ ਜੇ ਸੇਵਾ ਲਈ ਆਏ ਹੋ ਤਾਂ ਘਾਹ ਦੀ ਉਹ ਪੰਡ ਚੁੱਕ ਲਵੋ ਅਤੇ ਘਰ ਜਾ ਕੇ ਪਸ਼ੂਆਂ ਨੂੰ ਪਾ ਦਿਉ। ਲਹਿਣਾ ਜੀ ਨੇ ਜਵਾਬ ਵਿਚ ਕਿਹਾ, "ਜਿਵੇਂ ਤੁਹਾਡਾ ਹੁਕਮ ਜੀ (ਸਤਿ ਬਚਨ)।" ਝੋਨੇ ਦੇ ਖੇਤਾਂ ਦਾ ਚਿੱਕੜ ਵਾਲਾ ਗਿੱਲਾ ਘਾਹ ਝੱਟ ਸਿਰ ਤੇ ਚੁੱਕ ਲਿਆ। ਖੇਤਾਂ ਤੋਂ ਘਰ ਤੱਕ ਪਹੁੰਚਦੇ ਪਹੁੰਚਦੇ ਘਾਹ ਵਿਚੋਂ ਟਪਕ ਰਹੀਆਂ ਪਾਣੀ ਦੀਆਂ ਬੂੰਦਾਂ ਨਾਲ ਲਹਿਣਾ ਜੀ ਦੇ ਰੇਸ਼ਮੀ ਬਸਤਰ ਚਿੱਕੜ ਦੇ ਦਾਗਾਂ ਨਾਲ ਭਰ ਗਏ। ਜਦ ਇਸ ਦ੍ਰਿਸ਼ ਨੂੰ ਗੁਰੂਦੇ ਮਹਿਲ (ਮਾਤਾ ਸੁਲੱਖਣੀ ਜੀ) ਨੇ ਦੇਖਿਆ ਤਾਂ ਉਨ੍ਹਾਂ ਤੋਂ ਰਿਹਾ ਨਾ ਗਿਆ। ਇਸ ਕੰਮ ਨੂੰ ਉਨ੍ਹਾਂ ਨੇ ਭਗਤ ਦਾ ਅਪਮਾਨ ਸਮਝਿਆ ਅਤੇ ਗੁਰੂਦੇਵ ਨੂੰ ਕਿਹਾ, ਇਹ ਕੰਮ ਕਿਸੇ ਦੂਜੇ ਕਾਮੇ ਨੂੰ ਦੇ ਦਿੰਦੇ, ਤੁਹਾਡੀ ਲਾਪਰਵਾਹੀ ਦੇ ਕਾਰਨ ਖਡੂਰ ਨਗਰ ਤੋਂ ਪੰਜਾਬ ਕੋਹ ਦੀ ਪੈਦਲ ਯਾਤਰਾ ਕਰਕੇ ਹੁਣੇ-ਹੁਣੇ ਆਏ ਸ਼ਰਧਾਲੂਦੇ ਕੀਮਤੀ ਰੇਸ਼ਮੀ ਬਸਤਰ ਚਿੱਕੜ ਨਾਲ ਖਰਾਬ ਹੋ ਗਏ ਹਨ।

ਗੁਰੂਦੇਵ ਨੇ ਜਵਾਬ ਵਿਚ ਕਿਹਾ, "ਪਿਆਰੀ, ਧਿਆਨ ਨਾਲ ਵੇਖੋ, ਇਹ ਘਾਹ ਦੀ ਪੰਡ ਨਹੀਂ ਤ੍ਰਿਲੋਕੀ ਦਾ ਛੱਤਰ ਹੈ। ਇਹ ਚਿੱਕੜ ਦੀਆਂ ਬੂੰਦਾਂ ਨਹੀਂ, ਕੇਸਰ ਦੇ ਛਿੱਟੇ ਹਨ।" ਇਹ ਸੁਣ ਕੇ ਸੁਲੱਖਣੀ ਜੀ ਨੇ ਕਿਹਾ, "ਇਹ ਤਾਂ ਠੀਕ ਹੈ, ਪਰ ਉਨ੍ਹਾਂ ਨੂੰ ਆਰਾਮ ਦੀ ਸਖਤ ਲੋੜ ਸੀ, ਕਿਉਂਕਿ ਤੋਹਫੇ ਵਜੋਂ ਪਹਾੜੀ ਨਮਕ ਨੂੰ ਉਹ ਸਿਰ ਤੇ ਚੁੱਕ ਕੇ ਲਿਆਏ ਹਨ।" ਗੁਰੂਦੇਵ ਨੇ ਜਵਾਬ ਦਿੱਤਾ, "ਆਪ ਇਨ੍ਹਾਂ ਗੱਲਾਂ ਦੀ ਚਿੰਤਾ ਨਾ ਕਰਿਆ ਕਰੋ।"

## ਬੁਝੋ ਤਾਂ ਜਾਣਾਂ

ਸ੍ਰੀ ਗੁਰੂਨਾਨਕ ਦੇਵ ਜੀ ਇੱਕ ਦਿਨ ਸਤਿਸੰਗ ਦੀ ਸਮਾਪਤੀ ਤੇ ਆਪਣੇ ਨਿੱਜੀ ਸੇਵਕਾਂ ਦੇ ਨਾਲ ਪਰਿਵਾਰ ਵਿਚ ਬੈਠੇ ਸਨ। ਆਪਣੇ ਹਾਸਰਸੀ ਸੁਭਾਅ ਦੇ ਅਨੁਸਾਰ ਆਪਣੀ ਮੁੱਠੀ ਵਿਚ ਕੋਈ ਚੀਜ਼ ਬੰਦ ਕਰਕੇ ਪੁੱਛਣ ਲੱਗੇ, "ਬੇਟਾ ਸ੍ਰੀ ਚੰਦ ਦੱਸੋ ਤਾਂ ਮੇਰੀ ਮੁੱਠੀ ਵਿਚ ਕੀ ਹੈ?" ਸ੍ਰੀ ਚੰਦ ਜੀ ਨੇ ਅਨੁਮਾਨ ਲਾਇਆ ਅਤੇ ਦੱਸਿਆ, "ਪਿਤਾ ਜੀ ਤੁਸੀਂ ਆਪਣੀ ਮੁੱਠੀ ਵਿਚ ਰੁਪਏ ਦਾ ਸਿੱਕਾ ਰੱਖਿਆ ਹੋਇਆ ਹੈ।" ਗੁਰੂਦੇਵ ਨੇ ਇਸੇ ਪ੍ਰਸ਼ਨ ਨੂੰ ਦੁਬਾਰਾ ਲਖਮੀ ਦਾਸ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਵੀ ਕਿਹਾ, "ਇਸ ਵਿਚ ਇੱਕ ਸਿੱਕਾ ਹੀ ਮਾਲੂਮ ਹੁੰਦਾ ਹੈ।" ਫਿਰ ਸੇਵਕਾਂ ਵੱਲ ਇਸ਼ਾਰਾ ਹੋਇਆ ਕਿ ਵਾਰੀ-ਵਾਰੀ ਉਹ ਵੀ ਦੱਸਣ। ਸਾਰੇ ਅਨੁਮਾਨ ਲਗਾਉਣ ਲੱਗੇ। ਜਦੋਂ ਆਪ ਜੀ ਨੇ ਭਾਈ ਲਹਿਣਾ ਜੀ ਨੂੰ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਨਿਮਰਤਾ-ਪੂਰਵਕ ਕਿਹਾ, "ਹੇ ਗੁਰੂਦੇਵ ਜੀ ! ਤੁਹਾਡੀ ਮੁੱਠੀ ਵਿੱਚ ਸਮੁੱਚੇ ਵਿਸ਼ਵ ਦੀਆਂ ਬਰਕਤਾਂ ਹਨ। ਜੇ ਇਹ ਮੁੱਠੀ ਕਿਸੇ ਲਈ ਖੁੱਲ੍ਹ ਜਾਏ ਤਾਂ ਉਸ ਨੂੰ ਰਿੱਧੀ-ਸਿੱਧੀ, ਬ੍ਰਹਮਗਿਆਨ, ਭਗਤੀ-ਸ਼ਕਤੀ ਅਤੇ ਪ੍ਰਭੂਵਿਚ ਅਭੇਦਤਾ (ਮੁਕਤੀ) ਪ੍ਰਾਪਤ ਹੋ ਸਕਦੀ ਹੈ।" ਇਸ ਜਵਾਬ ਨੂੰ ਸੁਣ ਕੇ ਗੁਰੂਦੇਵ ਪ੍ਰਸੰਨ ਹੋਏ ਅਤੇ ਕਹਿਣ ਲੱਗੇ, "ਗੱਲ ਤਾਂ ਭੇਦ ਜਾਨਣ ਦੀ ਹੈ, ਜੋ ਦੂਰ-ਦ੍ਰਿਸ਼ਟੀ ਦਾ ਸੁਆਮੀ ਹੋਵੇਗਾ ਉਸੇ ਦੇ ਹੱਥਾਂ ਵਿਚ ਸਫਲਤਾ ਦੀ ਕੁੰਜੀ ਰਹੇਗੀ।"

## ਸਹੀ ਜਵਾਬ

ਸ੍ਰੀ ਗੁਰੂਨਾਨਕ ਦੇਵ ਜੀ ਇਕ ਰਾਤ ਅਤਿ ਦੀ ਗਰਮੀ ਕਾਰਨ ਆਪਣੇ ਨਿਕਟਵਰਤੀ ਸੇਵਕਾਂ ਦੇ ਨਾਲ ਆਰਾਮ ਕਰ ਰਹੇ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਬਿਸਤਰ ਛੱਡਣ ਦਾ ਸਮਾਂ (ਟਾਈਮ) ਹੋ ਗਿਆ ਹੈ। ਉਨ੍ਹਾਂ ਦੇ ਬੇਟੇ ਸ੍ਰੀ ਚੰਦ ਜੀ ਨੂੰ ਪੁੱਛਿਆ, "ਬੇਟਾ ਦੇਖਣਾ, ਰਾਤ ਕਿੰਨੀ ਬੀਤ ਚੁੱਕੀ ਹੈ ਅਤੇ ਕਿੰਨੀ ਬਾਕੀ ਹੈ।" ਸ੍ਰੀ ਚੰਦ ਜੀ ਉੱਠੇ, ਉਨ੍ਹਾਂ ਨੇ ਤਾਰਾ ਮੰਡਲ ਤੋਂ ਅਨੁਮਾਨ ਲਾ ਕੇ ਦੱਸਿਆ ਕਿ ਠੀਕ ਅੱਧੀ ਰਾਤ ਦਾ ਸਮਾਂ ਹੈ। ਇਸੇ ਤੇ ਗੁਰੂਦੇਵ ਨੇ ਦੁਬਾਰਾ ਲਖਮੀ ਦਾਸ ਨੂੰ ਆਦੇਸ਼ ਦਿੱਤਾ, "ਬੇਟਾ ਤੁਸੀਂ ਵੀ ਸਮੇਂ ਦਾ ਠੀਕ-ਠੀਕ ਅਨੁਮਾਨ ਲਗਾਉ।" ਉਹ ਵੀ ਤਾਰਾ ਮੰਡਲ ਦੇ ਆਧਾਰ ਤੇ ਇਹੀ ਮਨੁਮਾਨ ਲਾ ਸਕੇ ਕਿ ਅੱਧੀ ਰਾਤ ਹੀ ਬਾਕੀ ਹੈ ਅਤੇ ਸੱਤਵਾਂ ਪਹਿਰ ਸ਼ੁਰੂ ਹੋ ਗਿਆ ਹੈ। ਪਰ ਗੁਰੂਦੇਵ ਨੇ ਦੁਬਾਰਾ ਸੇਵਕਾਂ ਨੂੰ ਕਿਹਾ, "ਆਪ ਸਾਰੇ

ਜਾਉ ਅਤੇ ਤਾਰਾ ਮੰਡਲ ਨੂੰ ਸਮਝੋ ਅਤੇ ਦੱਸੋ ਰਾਤ ਕਿੰਨੀ ਬਾਕੀ ਹੈ।" ਬੁੱਢਾ ਜੀ ਉਠੇ ਉਨ੍ਹਾਂ ਨੇ ਅਨੁਮਾਨ ਲਗਾਇਆ ਅਤੇ ਕਿਹਾ, "ਹੇ ਗੁਰੂਦੇਵ! ਤਕਰੀਬਨ (ਅਨੁਮਾਨ ਅਨੁਸਾਰ) ਰਾਤ ਤਾਂ ਅੱਧੀ ਹੀ ਬਤੀਤ ਹੋਈ ਹੈ ਅਤੇ ਅੱਧੀ ਹੀ ਬਾਕੀ ਹੈ।" ਪਰ ਜਦੋਂ ਗੁਰੂਦੇਵ ਨੇ ਭਾਈ ਲਹਿਣਾ ਜੀ ਨੂੰ ਇਹੀ ਪ੍ਰਸ਼ਨ ਦੁਹਰਾਇਆ ਤਾਂ ਉਨ੍ਹਾਂ ਨੇ ਹੱਥ ਜੋੜ ਕੇ ਨਿਮਰਤਾ ਪੂਰਵਕ ਜਵਾਬ ਦਿੱਤਾ, "ਹੇ ਗੁਰੂਦੇਵ ਜੀ! ਉਸ ਪ੍ਰਭੂ ਦੀ ਲੀਲਾ ਅਨੁਸਾਰ ਰਾਤ ਕੁਝ ਲੰਘ ਗਈ ਹੈ ਅਤੇ ਕੁਝ ਬਾਕੀ ਹੈ।" ਇਸ ਸਹੀ ਜਵਾਬ ਨੂੰ ਸੁਣ ਕੇ ਗੁਰੂਦੇਵ ਸੰਤੁਸ਼ਟ ਹੋ ਗਏ।

## ਅੱਧੀ ਰਾਤ ਨੂੰ ਕੱਪੜਿਆਂ ਦਾ ਧੋਣਾ

ਸ੍ਰੀ ਗੁਰੂਨਾਨਕ ਦੇਵ ਜੀ ਨਿਯਮ ਅਨੁਸਾਰ ਅੱਧੀ ਰਾਤ ਨੂੰ ਇਸ਼ਨਾਨ ਆਦਿ ਤੋਂ ਵਿਹਲੇ ਹੋ ਕੇ ਆਪਣੇ ਨਿੱਜੀ ਆਸਨ ਤੇ ਬਿਰਾਜਮਾਨ ਹੋਏ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਬਸਤਰ ਪਸੀਨੇ ਦੇ ਕਾਰਨ ਗੰਦੇ ਹੋ ਗਏ ਹਨ। ਸਵੇਰੇ ਦਰਬਾਰ ਲੱਗਣ ਤੇ ਜਦ ਸੰਗਤ ਵਿਚ ਇਹ ਬਸਤਰ ਗੰਦੇ ਦਿਖਾਈ ਦੇਣਗੇ ਤਾਂ ਠੀਕ ਨਹੀਂ ਹੋਵੇਗਾ। ਇਸ ਲਈ ਉਨ੍ਹਾਂ ਨੇ ਬੇਟੇ ਸ੍ਰੀ ਚੰਦ ਜੀ ਨੂੰ ਸੱਦ ਕੇ ਕਿਹਾ, "ਬੇਟਾ ਇਹ ਕੱਪੜੇ ਹੁਣੇ ਧੋ ਦਿਉ ਤਾਕਿ ਦਰਬਾਰ ਦੇ ਸਮੇਂ ਪਹਿਨੇ ਜਾ ਸਕਣ।" ਸ੍ਰੀ ਚੰਦ ਨੇ ਜਵਾਬ ਦਿੱਤਾ, "ਪਿਤਾ ਜੀ ਤੁਸੀਂ ਚਿੰਤਾ ਨਾ ਕਰੋ ਸਵੇਰੇ ਧੁਆ ਲਵਾਂਗੇ ਤੁਸੀਂ ਹੁਣ ਦੂਜੇ ਕੱਪੜੇ ਪਾ ਲਉ।" ਗੁਰੂਦੇਵ ਨੇ ਜਵਾਬ ਸੁਣਦਿਆਂ ਹੀ ਦੁਬਾਰਾ ਛੋਟੇ ਬੇਟੇ ਲਖਮੀ ਦਾਸ ਨੂੰ ਆਦੇਸ਼ ਦਿੱਤਾ, "ਬੇਟਾ ਮੇਰੇ ਕੱਪੜੇ ਧੋ ਕੇ ਲੈ ਆਉ।" ਉਨ੍ਹਾਂ ਨੇ ਵੀ ਕਿਹਾ, "ਪਿਤਾ ਜੀ, ਇਸ ਸਮੇਂ ਕੱਪੜੇ ਧੋਣੇ ਠੀਕ ਨਹੀਂ ਹੈ, ਆਪ ਦੂਜੇ ਕੱਪੜੇ ਪਾ ਲਉ।" ਇਸ ਤੇ ਗੁਰੂਦੇਵ ਨੇ ਦੂਜੇ ਸੇਵਕਾਂ ਵੱਲ ਇਸ਼ਾਰਾ ਕੀਤਾ ਕਿ ਉਨ੍ਹਾਂ ਵਿਚੋਂ ਕੋਈ ਜਾ ਕੇ ਇਹ ਕੱਪੜੇ ਧੋ ਕੇ ਲਿਆਵੇ। ਇਸ਼ਾਰਾ ਮਿਲਦਿਆਂ ਹੀ ਭਾਈ ਲਹਿਣਾ ਜੀ ਨੇ ਕੱਪੜੇ ਲਏ ਅਤੇ ਰਾਵੀ ਨਦੀ ਤੇ ਜਾ ਪਹੁੰਚੇ। ਵੇਖਦਿਆਂ ਹੀ ਵੇਖਦਿਆਂ ਅੱਧਾ ਚੰਦਰਮਾ ਚੜ੍ਹ ਗਿਆ। ਭਾਈ ਲਹਿਣਾ ਜੀ ਨੇ ਉਥੇ ਸਾਰੇ ਕੱਪੜੇ ਧੋਤੇ ਅਤੇ ਰੇਤ ਤੇ ਸੁੱਕਣੇ ਪਾ ਦਿੱਤੇ। ਅਤਿ ਦੀ ਗਰਮੀ ਦੇ ਕਾਰਨ ਹਲਕੀ ਹਲਕੀ ਚਲਦੀ ਹਵਾ ਦੇ ਬੁਲਿਆਂ ਨਾਲ ਬਸਤਰ ਝੱਟ ਸੁੱਕ ਗਏ। ਬਸਤਰ ਲੈ ਕੇ ਭਾਈ ਲਹਿਣਾ ਜੀ ਵਾਪਸ ਆ ਗਏ ਅਤੇ ਸਾਫ ਬਸਤਰ ਗੁਰੂਦੇਵ ਦੇ ਸਨਮੁੱਖ ਰੱਖ ਦਿੱਤੇ। ਅਜਿਹਾ ਵੇਖ ਕੇ ਗੁਰੂਦੇਵ ਗਦ-ਗਦ ਹੋ ਗਏ, ਅਤੇ ਕਹਿ ਉਠੇ, "ਸਿੱਖੀ ਉਸੇ ਦੀ ਪ੍ਰਫੁਲਿਤ ਹੁੰਦੀ ਹੈ ਜੋ ਆਗਿਆ ਦਾ ਪਾਲਣ ਕਰਦਿਆਂ ਹੋਇਆਂ ਮਿਹਨਤ ਵਾਲਾ ਜੀਵਨ ਬਤੀਤ ਕਰਦਾ ਹੈ।"

## ਗੜਿਆਂ ਦਾ ਮੀਂਹ

ਸ੍ਰੀ ਗੁਰੂਨਾਨਕ ਦੇਵ ਜੀ, ਰੋਜ਼ਾਨਾ ਨਿਯਮ ਅਨੁਸਾਰ ਇੱਕ ਦਿਨ ਅੰਮ੍ਰਿਤ ਵੇਲੇ ਆਪਣੇ ਨਿੱਜੀ ਸੇਵਕਾਂ ਨਾਲ ਰਾਵੀ ਨਦੀ ਤੇ ਇਸ਼ਨਾਨ ਕਰਨ ਲੱਗੇ ਤਾਂ ਭਾਈ ਲਹਿਣਾ ਜੀ ਉਨ੍ਹਾਂ ਦੇ ਕੱਪੜਿਆਂ ਦੇ ਕੋਲ ਉਡੀਕ ਵਿੱਚ ਬੈਠੇ ਸਨ। ਤਦ ਅਚਾਨਕ ਕਾਲੀਆਂ ਘਟਾਵਾਂ ਛਾ ਗਈਆਂ ਅਤੇ ਗੜੇ ਪੈਣ ਲੱਗੇ। ਦੂਜੇ ਸੇਵਕਾਂ ਨੇ ਤੂਫਾਨ ਚਲਦਾ ਦੇਖ ਕੇ ਦਰੱਖਤਾਂ ਦਾ ਸਹਾਰਾ ਲਿਆ ਪਰ ਭਾਈ ਲਹਿਣਾ ਜੀ ਨੇ ਗੁਰੂਦੇਵ ਦੇ ਕੱਪੜੇ ਇਕੱਠੇ ਕਰਕੇ ਆਪਣੇ ਸੀਨੇ ਨਾਲ ਚਿਪਕਾ ਲਏ ਅਤੇ ਉਨ੍ਹਾਂ ਉਤੇ ਝੁੱਕ ਕੇ ਬੈਠ ਗਏ, ਜਿਸ ਨਾਲ ਕੱਪੜਿਆਂ ਨੂੰ ਭਿੱਜਣ ਤੋਂ ਬਚਾਇਆ ਜਾ ਸਕੇ। ਰੱਜ ਕੇ ਗੜੇ ਪਏ, ਜਿਨ੍ਹਾਂ ਨਾਲ ਠੰਡ ਬਹੁਤ ਵਧ ਗਈ। ਪਰ ਭਾਈ ਲਹਿਣਾ ਜੀ ਗੁਰੂਦੇਵ ਦੀ ਉਡੀਕ ਵਿਚ ਉਥੇ ਹੀ ਡਟੇ ਰਹੇ, ਟੱਸ ਤੋਂ ਮੱਸ ਨਹੀਂ ਹੋਏ। ਏਨੇ ਸਮੇਂ ਦੌਰਾਨ ਭਾਈ ਲਹਿਣਾ ਜੀ ਨੂੰ ਠੰਡ ਦੇ ਕਾਰਨ ਬੇਹੋਸ਼ੀ ਛਾ ਗਈ। ਗੁਰੂਦੇਵ ਜਦੋਂ ਨਦੀ ਤੋਂ ਵਾਪਸ ਆਏ ਤਾਂ ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ। ਉਨ੍ਹਾਂ ਨੇ ਦੂਜੇ ਸੇਵਕਾਂ ਨੂੰ ਬੁਲਾ ਕੇ ਭਾਈ ਲਹਿਣਾ ਜੀ ਨੂੰ ਘਰ ਪਹੁੰਚਾਇਆ ਅਤੇ ਉਨ੍ਹਾਂ ਦਾ ਇਲਾਜ ਕਰਨ ਲੱਗੇ। ਲਹਿਣਾ ਜੀ ਦੇ ਰਾਜ਼ੀ ਹੋਣ ਤੇ ਗੁਰੂਦੇਵ ਨੇ ਉਨ੍ਹਾਂ ਨੂੰ ਪੁੱਛਿਆ, "ਬੇਟਾ ਆਪਣੇ ਸਾਥੀਆਂ ਵਾਂਗ ਤੁਸੀਂ ਦਰੱਖਤਾਂ ਦਾ ਸਹਾਰਾ ਕਿਉਂ ਨਹੀਂ ਲਿਆ?" ਇਸ ਦੇ ਜਵਾਬ ਵਿਚ ਭਾਈ ਲਹਿਣਾ ਜੀ ਕਹਿਣ ਲੱਗੇ, "ਮੈਂ ਤੁਹਾਨੂੰ ਉਥੇ ਛੱਡ ਕੇ ਕਿਵੇਂ ਜਾ ਸਕਦਾ ਸੀ, ਫਿਰ ਤੁਹਾਡੇ ਕੱਪੜੇ ਵੀ ਤਾਂ ਭਿੱਜ ਜਾਂਦੇ।" ਇਹ ਜਵਾਬ ਸੁਣ ਕੇ ਗੁਰੂਦੇਵ ਗਦ-ਗਦ ਹੋ ਗਏ।

## ਸਖਤ ਘਾਲਣਾ (ਸਾਧਨਾ)

ਸ੍ਰੀ ਗੁਰੂਨਾਨਕ ਦੇਵ ਜੀ ਦੇ ਦਰਬਾਰ ਵਿਚ ਸੰਗਤਾਂ ਦਾ ਆਉਣਾ ਜਾਣਾ ਹਮੇਸ਼ਾ ਲੱਗਿਆ ਰਹਿੰਦਾ, ਜਿਸ ਕਾਰਨ ਦਿਨ-ਰਾਤ ਲੰਗਰ ਤਿਆਰ ਮਿਲਦਾ। ਗੁਰੂਦੇਵ ਦੇ ਆਪਣੇ ਖੇਤਾਂ ਦਾ ਅਨਾਜ ਵੀ ਲੰਗਰ ਦੇ ਕੰਮਾਂ ਵਿਚ ਹੀ ਵਰਤਿਆ ਜਾਂਦਾ। ਇੱਕ ਵਾਰ ਮੌਸਮ ਖੇਤੀ ਦੇ ਅਨੁਕੂਲ ਨਾ ਰਿਹਾ, ਇਸ ਲਈ ਖੇਤੀ ਠੀਕ ਨਾ ਹੋਈ। ਪੂਰੇ ਦੇਸ਼ ਵਿਚ ਅਨਾਜ ਦੀ ਘਾਟ ਮਹਿਸੂਸ ਹੋਣ ਲੱਗੀ। ਇਸ ਕਾਰਨ ਅਤਿ ਗਰੀਬੀ ਦੀ ਹਾਲਤ ਵਿਚ ਰਹਿਣ ਵਾਲੇ ਲੋਕਾਂ ਲਈ ਲੰਗਰ ਇੱਕਵਿਸ਼ੇਸ਼ਖਿੱਚ ਬਣ ਗਿਆ। ਭੁੱਖ ਦੇ ਮਾਰੇ ਲੋਕ ਦੂਰ-ਦੂਰ ਤੋਂ ਲੰਗਰ ਪ੍ਰਾਪਤ ਕਰਨ ਲਈ ਆਉਣ ਲੱਗੇ। ਇਸ ਕਾਰਨ ਲੰਗਰ (ਜਾਤ ਪਾਤ ਤੋਂ ਰਹਿਤ ਸਮੂਹਿਕ ਭੋਜਨ)

ਦੀ ਮਾਤਰਾ ਹੋਰ ਵਧਾਈ ਗਈ ਤੇ ਲੰਗਰ ਸਦਾ ਹੀ ਚਲਦਾ ਰਹਿੰਦਾ। ਗੁਰੂਮਰਿਯਾਦਾ ਅਨੁਸਾਰ ਸਾਰੇ ਸੇਵਕ ਲੰਗਰ ਵਿਚ ਇੱਕ ਪੰਗਤ ਵਿਚ ਬੈਠ ਕੇ ਸੰਗਤ ਦੇ ਨਾਲ ਇਕੋ ਜਿਹਾ ਭੋਜਨ ਹੀ ਕਰਦੇ, ਇਸ ਕਰਕੇ ਸਭ ਨੂੰ ਲੋੜ ਅਨੁਸਾਰ ਭੋਜਨ ਮਿਲ ਜਾਂਦਾ। ਇਹੀ ਸਥਿਤੀ ਲੰਮੇ ਸਮੇਂ ਤੱਕ ਚਲਦੀ ਰਹੀ। ਸਿੱਟੇ ਵਜੋਂ ਸੇਵਕਾਂ ਨੂੰ ਮੁਸ਼ਕਲਾਂ ਪੇਸ਼ ਆਉਣ ਲੱਗੀਆਂ। ਕੁਝ ਸੇਵਕ ਤਾਂ ਘਰਾਂ ਨੂੰ ਵਾਪਸ ਚਲੇ ਗਏ ਪਰ ਭਾਈ ਲਹਿਣਾ ਜੀ ਬਾਬਾ ਬੁੱਢਾ ਜੀ ਉਥੇ ਹੀ ਸੇਵਾ ਵਿਚ ਜੁਟੇ ਰਹੇ। ਗੁਰੂਦੇਵ ਨੇ ਅਜਿਹਾ ਦੇਖ ਕੇ ਭਾਈ ਲਹਿਣਾ ਜੀ ਨੂੰ ਕਈ ਵਾਰ ਇਸ਼ਾਰੇ ਨਾਲ ਕਿਹਾ, "ਤੁਸੀਂ ਕਿਉਂ ਪਰੇਸ਼ਾਨ ਹੁੰਦੇ ਹੋ, ਇਥੇ ਤਾਂ ਇਹੀ ਹਾਲ ਰਹੇਗਾ। ਜਾਉ ਘਰ ਦਾ ਸੁੱਖ ਆਰਾਮ ਭੋਗੋ।" ਪਰ ਲਹਿਣਾ ਜੀ ਅੜੇ ਰਹੇ ਅਤੇ ਸਭ ਤਰ੍ਹਾਂ ਦੀਆਂ ਮੁਸ਼ਕਲਾਂ ਸਹਿੰਦੇ ਰਹੇ, ਇਹ ਸਭ ਵੇਖ ਕੇ ਗੁਰੂਦੇਵ ਮਨ ਹੀ ਮਨ ਵਿਚ ਭਾਈ ਲਹਿਣਾ ਜੀ ਦੀ ਸੇਵਾ ਤੇ ਬਹੁਤ ਖੁਸ਼ ਹੋਏ।

## ਮਰੇ ਚੂਹੇ ਦੀ ਲਾਸ਼ ਨੂੰ ਲੱਭਣਾ

ਸ੍ਰੀ ਗੁਰੂਨਾਨਕ ਦੇਵ ਜੀ ਇੱਕ ਦਿਨ ਧਰਮਸ਼ਾਲਾ ਦੇ ਭਵਨ ਵਿਚ ਬਦਬੋ ਮਹਿਸੂਸ ਕਰਨ ਲੱਗੇ। ਨੇੜੇ ਬੈਠੇ ਬੇਟਿਆਂ ਨੂੰ ਉਨ੍ਹਾਂ ਨੇ ਆਦੇਸ਼ ਦਿੱਤਾ, "ਦੇਖੋ ਤਾਂ ਇਹ ਬਦਬੋ ਕਿਥੋਂ ਆ ਰਹੀ ਹੈ।" ਬੇਟਿਆਂ ਨੇ ਇਹੀ ਆਦੇਸ਼ ਅੱਗੇ ਸੇਵਕਾਂ ਨੂੰ ਦੇ ਦਿੱਤਾ ਅਤੇ ਕਿਹਾ, "ਜਲਦੀ ਲੱਭੋ, ਬਦਬੋ ਕਿਥੋਂ ਆ ਰਹੀ ਹੈ?" ਜਲਦੀ ਹੀ ਸੇਵਕਾਂ ਨੇ ਲੱਭ ਲਿਆ ਕਿ ਇੱਕ ਚੂਹੇ ਦੀ ਸੜੀ ਹੋਈ ਲਾਸ਼ ਅਲਮਾਰੀ ਦੇ ਪਿੱਛੇ ਮਿੱਧੀ ਪਈ ਹੈ। ਬਦਬੋ ਦੇ ਕਰਕੇ ਉਸ ਲਾਸ਼ ਨੂੰ ਉਥੋਂ ਚੁੱਕਣ ਲਈ ਕੋਈ ਤਿਆਰ ਨਹੀਂ ਹੋਇਆ। ਸਾਰੇ ਲੋਕ ਸਫਾਈ ਕਰਮਚਾਰੀ ਨੂੰ ਲੱਭਣ ਲਈ ਚਲ ਪਏ। ਜਿਉਂ ਹੀ ਭਾਈ ਲਹਿਣਾ ਜੀ ਨੂੰ ਇਸ ਗੱਲ ਦਾ ਪਤਾ ਲੱਗਾ, ਜੋ ਕਿ ਉਸ ਸਮੇਂ ਬਰਤਨ ਸਾਫ ਕਰਨ ਦੀ ਸੇਵਾ ਵਿਚ ਲੀਨ ਸਨ, ਝੱਟ ਉਸ ਥਾਂ ਤੇ ਪਹੁੰਚੇ, ਜਿਥੋਂ ਬਦਬੋ ਆ ਰਹੀ ਸੀ। ਉਨ੍ਹਾਂ ਨੇ ਬਿਨ੍ਹਾਂ ਕਿਸੇ ਦੀ ਸਹਾਇਤਾ ਤੋਂ ਝੱਟਪਟ ਇਹ ਕੰਮ ਕਰ ਦਿੱਤਾ। ਉਸ ਤੋਂ ਬਾਅਦ ਉਸ ਥਾਂ ਨੂੰ ਪਾਣੀ ਨਾਲ ਧੋ ਕੇ ਸਾਫ ਕਰ ਦਿੱਤਾ ਅਤੇ ਪੋਚਾ ਲਾ ਦਿੱਤਾ।

ਇਹ ਵੇਖ ਕੇ ਗੁਰੂਦੇਵ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਆਪਣੇ ਪ੍ਰਵਚਨ ਵਿਚ ਕਿਹਾ, "ਸੇਵਕ ਉਹੀ ਹੈ ਜੋ ਆਗਿਆ ਦਾ ਪਾਲਣ ਆਪ ਕਰੇ, ਜੋ ਸੇਵਕ ਕੰਮ ਨੂੰ ਅੱਗੇ ਦੂਜਿਆਂ ਨੂੰ ਕਰਨ ਲਈ ਕਹਿੰਦੇ ਹਨ ਅਰਥਾਤ ਦੂਜੇ ਸਾਧਨ ਅਪਣਾ ਕੇ ਖਾਨਾ-ਪੂਰਤੀ ਕਰਦੇ ਹਨ ਭਾਵ ਕਿਸੇ ਵਿਸ਼ੇਸ਼ ਕੰਮ ਲਈ ਦੂਜਿਆਂ ਤੇ ਨਿਰਭਰ ਰਹਿੰਦੇ ਹਨ ਉਹ ਉਦੇਸ਼ ਦੀ ਪ੍ਰਾਪਤੀ ਕਦੇ ਨਹੀਂ ਕਰ ਸਕਦੇ।"

# ਧਰਮਸ਼ਾਲਾ ਦੀ ਦੀਵਾਰ ਨੂੰ ਦੁਬਾਰਾ ਉਸਾਰਨਾ

ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਰਾਤ ਦੇ ਸੱਤਵੇਂ ਪਹਿਰ (ਅੱਧੀ ਰਾਤ) ਧਰਮਸ਼ਾਲਾ ਵਿਚ ਪਹੁੰਚੇ। ਕਈ ਦਿਨਾਂ ਤੋਂ ਲਗਾਤਾਰ ਥੋੜ੍ਹਾ ਥੋੜ੍ਹਾ ਮੀਂਹ ਪੈ ਰਿਹਾ ਸੀ ਅਰਥਾਤ ਝੜੀ ਲੱਗ ਗਈ ਸੀ। ਕੜਾਕੇ ਦੀ ਠੰਡ ਪੈ ਰਹੀ ਸੀ। ਉਸ ਸਮੇਂ ਧਰਮਸ਼ਾਲਾ ਦੀ ਇੱਕ ਕੱਚੀ ਕੰਧ ਡਿੱਗ ਪਈ। ਅਜਿਹਾ ਦੇਖ ਕੇ ਗੁਰੂਦੇਵ ਨੇ ਮਹਿਸੂਸ ਕੀਤਾ ਕਿ ਕੰਧ ਡਿੱਗਣ ਨਾਲ ਧਰਮਸ਼ਾਲਾ ਦੇ ਅੰਦਰ ਠੰਡ ਬਹੁਤ ਵੱਧ ਗਈ ਹੈ। ਅਜਿਹੀ ਸ਼ੀਤ ਲਹਿਰ ਦੇ ਕਾਰਨ ਸੰਗਤ ਠੀਕ ਤਰ੍ਹਾਂ ਬੈਠ ਨਹੀਂ ਸਕੇਗੀ। ਇਸ ਲਈ ਆਪ ਨੇ ਆਪਣੇ ਵੱਡੇ ਪੁੱਤਰ ਸ੍ਰੀ ਚੰਦ ਜੀ ਨੂੰ ਆਦੇਸ਼ ਦਿੱਤਾ, "ਬੇਟਾ ! ਇਸ ਕੰਧ ਨੂੰ ਤਿਆਰ ਕਰਨ ਦਾ ਜਲਦੀ ਯਤਨ ਕਰੋ।" ਸ੍ਰੀ ਚੰਦ ਨੇ ਗੁਰੂਦੇਵ ਨੂੰ ਜਵਾਬ ਦਿੱਤਾ, "ਹੇ ਪਿਤਾ ਜੀ ! ਅਜੇ ਰਾਤ ਹੈ, ਦਿਸਦਾ ਨਹੀਂ ਅਤੇ ਮੀਂਹ ਵੀ ਪੈ ਰਿਹਾ ਹੈ, ਅਜਿਹੇ ਸਮੇਂ ਗਾਰੇ ਨਾਲ ਕੰਧ ਤਿਆਰ ਕਰਨੀ ਮੁਸ਼ਕਲ ਹੀ ਨਹੀਂ ਅਸੰਭਵ ਹੈ।" ਸ੍ਰੀ ਚੰਦ ਜੀ ਦੇ ਇਨਕਾਰ ਕਰਨ ਤੇ ਗੁਰੂਦੇਵ ਨੇ ਦੁਬਾਰਾ ਉਹੀ ਗੱਲ ਛੋਟੇ ਬੇਟੇ ਲਖਮੀ ਦਾਸ ਨੂੰ ਕਹੀ ਕਿ ਬੇਟਾ ਜਿਵੇਂ ਵੀ ਹੋਵੇ, ਕੰਧ ਦੀ ਉਸਾਰੀ ਹੁਣੇ ਹੀ ਕਰਨੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ, "ਪਿਤਾ ਜੀ, ਵੀਰ ਜੀ ਠੀਕ ਹੀ ਕਹਿ ਰਹੇ ਹਨ। ਸੂਰਜ ਚੜ੍ਹਨ ਤੇ ਹੀ ਕੁਝ ਕੀਤਾ ਜਾ ਸਕਦਾ ਹੈ।" ਗੁਰੂਦੇਵ ਨੇ ਭਾਈ ਬੁੱਢਾ ਜੀ ਨੂੰ ਇਸ਼ਾਰਾ ਕੀਤਾ, "ਬੇਟਾ ਤੁਸੀਂ ਇਹ ਕੰਮ ਹੁਣੇ ਸ਼ੁਰੂ ਕਰ ਦਿਉ।" ਉਨ੍ਹਾਂ ਨੇ ਵੀ ਕਿਹਾ, "ਗੁਰੂਦੇਵ ਗਾਰਾ ਟਿਕੇਗਾ ਨਹੀਂ, ਮਿਹਨਤ ਵਿਅਰਥ ਜਾਏਗੀ।" ਇਹ ਜਵਾਬ ਨੂੰ ਸੁਣ ਕੇ ਗੁਰੂਦੇਵ ਨੇ ਭਾਈ ਲਹਿਣਾ ਜੀ ਵੱਲ ਇਸ਼ਾਰਾ ਕੀਤਾ, "ਭਾਈ ਲਹਿਣਾ ਜੀ ! ਤੁਸੀਂ ਇਸ ਕੰਮ ਨੂੰ ਹੁਣੇ ਸ਼ੁਰੂ ਕਰ ਦਿਉ ਤਾਂ ਕਿ ਸੰਗਤ ਦੇ ਇਕੱਠੇ ਹੋਣ ਤੱਕ ਕੰਧ ਬਣ ਕੇ ਤਿਆਰ ਹੋ ਜਾਵੇ।" ਭਾਈ ਲਹਿਣਾ ਜੀ ਨੇ ਹੁਕਮ ਮਿਲਦਿਆਂ ਹੀ ਕੰਧ ਦੀ ਚਿਣਾਈ ਕਰਨੀ ਇਕ ਦਮ ਸ਼ੁਰੂ ਕਰ ਦਿੱਤੀ। ਇਹ ਵੇਖ ਕੇ ਗੁਰੂਦੇਵ ਅਤਿ ਪ੍ਰਸੰਨ ਹੋਏ।

ਗੁਰੂ ਜੀ ਨੇ ਸੰਗਤ ਵਿਚ ਪ੍ਰਵਚਨ ਦੇਂਦੇ ਹੋਏ ਕਿਹਾ, "ਸਿੱਖ ਉਹੀ ਹੈ ਜੋ ਕਿ ਮੁਸ਼ਕਲ ਸਮੇਂ ਵਿਚ ਵੀ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਸੰਘਰਸ਼ ਕਰਦਾ ਰਹਿੰਦਾ ਹੈ। ਉਹ ਇਸ ਗੱਲ ਦਾ ਵਿਚਾਰ ਨਹੀਂ ਕਰਦਾ ਕਿ ਮਿਹਨਤ ਵਿਅਰਥ ਜਾ ਰਹੀ ਹੈ ਜਾਂ ਫਲ ਪ੍ਰਾਪਤ ਹੋ ਰਿਹਾ ਹੈ। ਉਸ ਦਾ ਉਦੇਸ਼ ਕੇਵਲ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਹਮੇਸ਼ਾ ਕੰਮ ਕਰਦੇ ਹੀ ਰਹਿਣਾ ਹੈ, ਬੇਸ਼ਕ ਹਾਲਾਤ ਕਿੰਨੇ ਵੀ ਉਲਟ ਕਿਉਂ ਨਾ ਹੋਣ।"

# ਸੰਗਤ ਨੂੰ ਸੰਤੁਸ਼ਟ ਕੀਤਾ

ਸ੍ਰੀ ਗੁਰੂਨਾਨਕ ਦੇਵ ਜੀ ਦੇ ਦਰਬਾਰ ਵਿਚ ਹਾਜ਼ਰੀ ਭਰਨ ਲਈ ਦੂਰ ਦੂਰ ਤੋਂ ਸੰਗਤ ਆਈ ਹੋਈ ਸੀ। ਅਤਿ ਦੀ ਗਰਮੀ ਦੇ ਬਾਅਦ ਵਰਖਾ ਰੁੱਤ ਸ਼ੁਰੂਹੋ ਗਈ। ਬਹੁਤ ਜ਼ਿਆਦਾ ਮੀਂਹ ਪੈਣ ਕਾਰਨ ਲੰਗਰ ਤਿਆਰ ਨਾ ਹੋ ਸਕਿਆ। ਇਸ ਲਈ ਸੰਗਤ ਨੂੰ ਰਾਤ ਭਰ ਬਿਨ੍ਹਾ ਭੋਜਨ ਦੇ ਰਹਿਣਾ ਪਿਆ। ਜਦੋਂ ਸੂਰਜ ਚੜ੍ਹਿਆ, ਮੀਂਹ ਰੁਕਿਆ ਤਾਂ ਭੋਜਨ ਦਾ ਪ੍ਰਬੰਧ ਹੋਣ ਲੱਗਾ ਪਰ ਇਸ ਕੰਮ ਵਿਚ ਅਜੇ ਸਮਾਂ ਲੱਗਣਾ ਸੀ। ਗੁਰੂਦੇਵ ਨੇ ਆਪਣੇ ਵੱਡੇ ਬੇਟੇ ਨੂੰ ਆਦੇਸ਼ ਦਿੱਤਾ, "ਬੇਟਾ ਸ੍ਰੀ ਚੰਦ, ਸੰਗਤ ਭੋਜਨ ਤੋਂ ਬਿਨ੍ਹਾਂ ਭੁੱਖੀ ਹੈ। ਕੁਝ ਮਿਠਾਈ ਅਤੇ ਫਲਾਂ ਦਾ ਪ੍ਰਬੰਧ ਕਰੋ, ਜਿਸ ਨਾਂਲ ਸੰਗਤ ਨੂੰ ਥੋੜ੍ਹਾ ਭੋਜਨ ਮਿਲ ਜਾਏ।" ਇਹ ਆਦੇਸ਼ ਸੁਣ ਕੇ ਸ੍ਰੀ ਚੰਦ ਜੀ ਕਹਿਣ ਲੱਗੇ, "ਪਿਤਾ ਜੀ, ਅਜਿਹੇ ਹਾਲਾਤਾਂ ਵਿੱਚ ਮਠਿਆਈ ਅਤੇ ਫਲ ਕਿਥੋਂ ਮਿਲਣਗੇ, ਜੋ ਕਿ ਸੰਗਤ ਦੇ ਲਈ ਕਾਫੀ ਹੋਣ?" ਇਹ ਜਵਾਬ ਸੁਣ ਕੇ ਦੁਬਾਰਾ ਇਹੀ ਆਦੇਸ਼ ਛੋਟੇ ਬੇਟੇ ਲਖਮੀ ਦਾਸ ਨੂੰ ਦਿੱਤਾ, ਉਹ ਵੀ ਗੱਲ ਸੁਣੀ-ਅਣਸੁਣੀ ਕਰਕੇ ਟਾਲ ਗਏ। ਫਿਰ ਗੁਰੂਦੇਵ ਨੇ ਨਿਕਟਵਰਤੀ ਸੇਵਕਾਂ ਨੂੰ ਬੁਲਾ ਕੇ ਆਦੇਸ਼ ਦਿੱਤਾ, "ਬੇਟਾ ਕੁਝ ਕਰੋ ਸੰਗਤ ਭੁੱਖੀ ਹੈ, ਕਿਤੋਂ ਮਠਿਆਈ ਤੇ ਫਲ ਲੈ ਆਉ। ਜਿਸ ਨਾਲ ਸੰਗਤ ਨੂੰ ਥੋੜ੍ਹਾ ਭੋਜਨ ਮਿਲ ਜਾਵੇ, ਤਦ ਤੱਕ ਲੰਗਰ ਤਿਆਰ ਹੋ ਜਾਵੇਗਾ।" ਦੂਜੇ ਸੇਵਕ ਵਿਚਾਰ ਕਰਨ ਲੱਗੇ ਕਿ ਹੁਣ ਅਜਿਹੀਆਂ ਚੀਜ਼ਾਂ ਕਿਥੋਂ ਲੈ ਕੇ ਆਉਣ। ਪਰ ਭਾਈ ਲਹਿਣਾ ਜੀ ਝੱਟ ਸਾਹਮਣੇ ਵਾਲੇ ਅੰਬ ਦੇ ਵਿਸ਼ਾਲ ਦਰੱਖਤ ਤੇ ਚੜ੍ਹਨ ਲੱਗੇ। ਉਨ੍ਹਾਂ ਨੂੰ ਦੂਜੇ ਸੇਵਕਾਂ ਨੇ ਰੋਕਿਆ ਕਿ ਇਹ ਅੰਬ ਆਚਾਰੀ ਅੰਬ ਹੈ, ਵਧੀਆ ਨਸਲ ਦੇ ਨਾ ਹੋਣ ਕਾਰਨ ਖੱਟੇ ਹਨ। ਇਨ੍ਹਾਂ ਨਾਲ ਕੁਝ ਨਹੀਂ ਹੋਵੇਗਾ। ਪਰ ਭਾਈ ਲਹਿਣਾ ਜੀ ਨੇ ਦੇਖਦਿਆਂ ਹੀ ਦੇਖਦਿਆਂ ਦਰੱਖਤ ਦੀਆਂ ਟਹਿਣੀਆਂ ਨੂੰ ਜ਼ੋਰ ਨਾਲ ਝੰਜੋੜਿਆ ਤਾਂ ਪੱਕੇ ਹੋਏ ਅੰਬਾਂ ਦੀ ਤੇਜ਼ੀ ਨਾਲ ਵਰਖਾ ਹੋਣ ਲੱਗੀ। ਸੰਗਤ ਨੇ ਇਨ੍ਹਾਂ ਨੂੰ ਚੂਸ ਕੇ ਆਪਣੀ ਭੁੱਖ ਮਿਟਾਈ ਤੇ ਕਹਿਣ ਲੱਗੀ, "ਧੰਨ ਹੈ ਭਾਈ ਲਹਿਣਾ ਜੀ।"

**ਪਰ ਭਾਈ ਲਹਿਣਾ ਜੀ ਕਹਿਣ ਲੱਗੇ, "ਧੰਨ ਹੈ! ਸਤਿ ਕਰਤਾਰ!!!"**

# ਵਿਸ਼ਿਸ਼ਟ ਚੇਲਿਆਂ ਦੀ ਟ੍ਰੇਨਿੰਗ

ਸ੍ਰੀ ਗੁਰੂਨਾਨਕ ਦੇਵ ਜੀ ਦੇ ਦਰਬਾਰ ਵਿਚ ਭਗਤਾਂ ਦਾ ਆਉਣ-ਜਾਣ ਨਿਰੰਤਰ ਲੱਗਿਆ ਰਹਿੰਦਾ। ਕੁਝ ਸੇਵਕ ਪੱਕੇ ਤੌਰ ਤੇ ਉਨ੍ਹਾਂ ਕੋਲ ਸੇਵਾ ਕਰਦੇ ਸਨ, ਇਨ੍ਹਾਂ ਵਿਚੋਂ ਕੁਝ ਨੌਜਵਾਨ ਬਹੁਤ ਪ੍ਰਤਿਭਾਸ਼ਾਲੀ ਸਨ। ਗੁਰੂਦੇਵ ਦੀ ਆਪਣੀ ਉਮਰ ਵੀ ਹੁਣ 63 ਸਾਲ ਦੇ ਨੇੜੇ ਸੀ। ਇੱਕ ਦਿਨ ਉਨ੍ਹਾਂ ਨੇ ਆਪਣੇ ਸਥਾਈ ਰੂਪ ਵਿਚ ਨੇੜੇ ਰਹਿਣ ਵਾਲੇ ਚੇਲਿਆਂ ਨੂੰ ਸੰਬੋਧਨ ਕਰਕੇ ਕਿਹਾ, "ਮੇਰਾ ਸਰੀਰ ਹੁਣ ਬੁਢੇਪੇ ਦੀ ਅਵਸਥਾ ਵੱਲ ਵਧ ਰਿਹਾ ਹੈ। ਸਰੀਰ ਦਾ ਕੋਈ ਭਰੋਸਾ ਨਹੀਂ, ਪਤਾ ਨਹੀਂ ਕਦੋਂ ਸਾਥ ਛੱਡ ਦੇਵੇ। ਇਯ ਲਈ ਮੈਂ ਚਾਹੁੰਦਾ ਹਾਂ ਕਿ ਜਿਸ ਉਦੇਸ਼ ਦੀ ਪ੍ਰਾਪਤੀ ਲਈ ਮੈਂ ਜੀਵਨ ਭਰ ਕੰਮ ਕੀਤਾ ਹੈ। ਦੇਸ਼-ਦੇਸ਼ਾਂਤਰਾਂ ਵਿਚ ਘੁੰਮਿਆ ਹਾਂ, ਉਸ ਕੰਮ ਨੂੰ ਤੁਸੀਂ ਸਭ ਮਿਲ ਕੇ ਉਸੇ ਲਗਨ ਅਤੇ ਵਿਸ਼ਵਾਸ ਨਾਲ ਅੱਗੇ ਵਧਾਉਂਦੇ ਜਾਉ, ਕਿਉਂਕਿ ਇਹ ਕੰਮ ਬਹੁਤ ਵੱਡਾ ਹੈ। ਮੇਰੇ ਜੀਵਨ ਵਿਚ ਤਾਂ ਕਿਸੇ ਹਾਲਤ ਪੂਰਾ ਹੋ ਨਹੀਂ ਸਕਦਾ ਇਸ ਲਈ ਤੁਹਾਨੂੰ ਸਭ ਨੂੰ ਕਈ ਪੀੜ੍ਹੀਆਂ ਤੱਕ ਇਸੇ ਤਰ੍ਹਾਂ ਯਤਨਸ਼ੀਲ ਰਹਿਣਾ ਹੋਵੇਗਾ।"

ਮੇਰਾ ਮੁੱਖ ਉਦੇਸ਼ ਸੀ ਮਾਨਵ ਕਲਿਆਣ ਅਥਵਾ ਕਰੋੜਾਂ (ਅਣਗਿਣਤ) ਲੋਕਾਂ ਦੀ ਪੂਰਨ ਰੂਪ ਵਿਚ ਆਜ਼ਾਦੀ। ਆਜ਼ਾਦੀ ਤੋਂ ਮੇਰਾ ਭਾਵ ਹੈ ਕਿ ਹਰੇਕ ਵਿਅਕਤੀ ਹਰ ਦ੍ਰਿਸ਼ਟੀ ਤੋਂ ਪੂਰਨ ਰੂਪ ਵਿਚ ਆਤਮ-ਨਿਰਭਰ ਹੋਣਾ ਚਾਹੀਦਾ ਹੈ, ਭਾਵ ਕਿ ਕੇਵਲ ਰਾਜਨੀਤਿਕ ਦ੍ਰਿਸ਼ਟੀ ਤੋਂ ਆਜ਼ਾਦ ਹੋਣਾ ਕਾਫੀ ਨਹੀਂ ਬਲਕਿ ਸਮਾਜਿਕ, ਆਰਥਿਕ ਅਤੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਵੀ ਹਰੇਕ ਵਿਅਕਤੀ ਆਤਮ ਨਿਰਭਰ ਹੋਵੇ।

ਇਹ ਕੰਮ ਅਸੰਭਵ ਤਾਂ ਨਹੀਂ ਪਰ ਮੁਸ਼ਕਲ ਜ਼ਰੂਰ ਹੈ। ਇਸ ਦੇ ਲਈ ਸਮਾਜਿਕ ਜਾਗਰਤੀ ਲਿਆਉਣੀ ਹੈ, ਜੋ ਕਿ ਲੰਮੇ ਸਮੇਂ ਦੇ ਸੰਘਰਸ਼ ਤੋਂ ਬਾਅਦ ਹੀ ਕਿਤੇ ਸੰਭਵ ਹੋਵੇਗੀ। ਕਿਉਂਕਿ ਸਵਾਰਥੀ ਲੋਕ ਇਨ੍ਹਾਂ ਕੰਮਾਂ ਵਿਚ ਰੁਕਾਵਟਾਂ ਪਾਉਣਗੇ, ਜਿਸ ਕਾਰਨ ਉਨ੍ਹਾਂ ਨਾਲ ਮਤਭੇਦ ਪੈਦਾ ਹੋਵੇਗਾ। ਇਹੀ ਮਤਭੇਦ ਕਿਤੇ-ਕਿਤੇ ਬਦਲੇ ਦਾ ਰੂਪ ਵੀ ਲੈ ਸਕਦਾ ਹੈ। ਸਾਡੇ ਵਿਰੋਧੀ ਸਾਨੂੰ ਖਤਮ ਕਰਨ ਲਈ ਪ੍ਰੋਗਰਾਮ ਬਣਾ ਕੇ ਉਸ ਤੇ ਯੋਜਨਾਬੱਧ ਕੰਮ ਕਰਨਗੇ। ਇਸ ਲਈ ਸਾਨੂੰ ਪੂਰਨ ਰੂਪ ਵਿਚ ਚੇਤੰਨ ਹੋ ਕੇ ਤਰਕੀਬ ਨਾਲ ਕੰਮ ਕਰਕੇ ਸਮਾਜ ਵਿਚ ਜਾਗਰਤੀ ਲਿਆਉਣ ਲਈ ਯਤਨਸ਼ੀਲ ਪ੍ਰਾਣਾਂ ਦੀ ਆਹੂਤੀ ਵੀ ਦੇਣੀ ਪੈ ਸਕਦੀ ਹੈ, ਜਿਸ ਲਈ ਅਸੀਂ ਆਪਣੇ ਮਨ ਨੂੰ ਸਦਾ ਤਿਆਰ ਰੱਖਣਾ ਹੈ।

"ਉਦੇਸ਼ ਦੀ ਪ੍ਰਾਪਤੀ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਅਸੀਂ ਆਪ ਸ਼ਕਤੀਸ਼ਾਲੀ ਹੋਈਏ ਭਾਵ ਇਹ ਹੈ ਕਿ ਸਭ ਤੋਂ ਪਹਿਲਾਂ 'ਮਾਨਵ ਕਲਿਆਣ' ਦੇ ਲਈ ਆਪਣੇ ਆਪ ਨੂੰ ਹਰੇਕ ਦ੍ਰਿਸ਼ਟੀ ਤੋਂ ਸ਼ਕਤੀਸ਼ਾਲੀ ਬਣਾ ਕੇ, ਸ਼ਕਤੀ ਦੀ ਵਰਤੋਂ, ਸ਼ਕਤੀ ਸੰਤੁਲਨ ਬਣਾਈ ਰੱਖਣ ਦੇ ਲਈ ਕਰੀਏ। ਕਿਉਂਕਿ ਕੁਦਰਤ ਦਾ ਇਹੀ ਸਿਧਾਂਤ ਹੈ ਕਿ ਕਮਜ਼ੋਰ ਨੂੰ ਤਾਕਤਵਰ ਮਾਰ ਦੇਂਦਾ ਹੈ ਅਥਵਾ ਖਾ ਜਾਂਦਾ ਹੈ। ਜਦ ਤੱਕ ਤੁਹਾਡੇ ਕੋਲ ਤਾਕਤ ਨਹੀਂ ਹੋਵੇਗੀ, ਤੁਹਾਡੀਆਂ ਆਦਰਸ਼ ਗੱਲਾਂ ਅਤੇ ਕੰਮਾਂ ਦਾ ਕੋਈ ਮੁੱਲ ਨਹੀਂ ਕਿਉਂਕਿ ਵਿਰੋਧੀ ਪੱਖ ਦੇ ਲੋਕ ਤੁਹਾਡੇ ਕੰਮਾਂ ਵਿਚ ਹਮੇਸ਼ਾ ਰੁਕਾਵਟਾਂ ਪੈਦਾ ਕਰਕੇ ਤੁਹਾਨੂੰ ਹਰਾਉਣਾ ਚਾਹੇਗਾ। ਇਸ ਲਈ ਸਭ ਤੋਂ ਪਹਿਲਾਂ ਉਦੇਸ਼ ਦੀ ਪ੍ਰਾਪਤੀ ਲਈ ਸਾਧਨ ਦੇ ਰੂਪ ਵਿਚ ਸ਼ਕਤੀ ਪ੍ਰਾਪਤ ਕਰਨਾ ਜ਼ਰੂਰੀ ਹੈ।"

"ਸ਼ਕਤੀ ਦੇ ਅੱਠ ਰੂਪ ਹਨ, "ਅੱਜ ਤੱਕ ਕਈ ਪਰਾਕਰਮੀ ਪੁਰਸ਼ ਅਥਵਾ ਚਕਰਵਰਤੀ ਸਮਰਾਟ, ਇਨ੍ਹਾਂ ਹੀ ਅੱਠ ਸ਼ਕਤੀਆਂ ਨੂੰ ਪ੍ਰਾਪਤ ਕਰਕੇ ਜਗਤ ਵਿਚ ਮਹਾਨ ਅਖਵਾਏ ਹਨ:-

ਸਰੀਰਕ, ਮਾਨਸਿਕ, ਆਤਮਿਕ, ਧਨ, ਜਨ, ਸ਼ਸਤਰ, ਪਦਵੀ, ਏਕਤਾ ਆਦਿ।

1. **ਸਰੀਰਕ:-** ਇਹ ਸ਼ਕਤੀ ਉਦੇਸ਼ ਦਾ ਮੂਲ ਸੋਮਾ ਹੈ। ਇਸ ਦੀ ਪ੍ਰਾਪਤੀ ਲਈ ਹਮੇਸ਼ਾ ਸੰਤੁਲਿਤ ਭੋਜਨ ਕਰਨਾ, ਨਸ਼ੇ, ਚਿੰਤਾਵਾਂ ਤੋਂ ਦੂਰ ਰਹਿਣਾ ਅਤੇ ਨਿਯਮਿਤ ਕਸਰਤ ਆਦਿ ਕਰਨਾ ਜ਼ਰੂਰੀ ਹੈ।

2. **ਮਾਨਸਿਕ ਸ਼ਕਤੀ:-** ਇਸ ਸ਼ਕਤੀ ਦੀ ਪ੍ਰਾਪਤੀ ਲਈ ਹਰੇਕ ਵਿਅਕਤੀ ਦਾ ਪੜ੍ਹਿਆ ਲਿਖਿਆ ਹੋਣਾ ਜ਼ਰੂਰੀ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਮਾਤ-ਭਾਸ਼ਾ ਨੂੰ ਸਾਧਨ ਬਣਾਉਣਾ ਚਾਹੀਦਾ ਹੈ।

3. **ਆਤਮਿਕ ਸ਼ਕਤੀ:-** ਇਹ ਸ਼ਕਤੀਆਂ ਦਾ ਮੂਲ ਸੋਮਾ ਹੈ। ਇਸ ਸ਼ਕਤੀ ਦੀ ਪ੍ਰਾਪਤੀ ਲਈ ਹਰੇਕ ਵਿਅਕਤੀ ਨੂੰ ਸਵੇਰੇ-ਸਵੇਰੇ ਹਰ ਰੋਜ਼ ਦੀ ਸ਼ੋਚ-ਇਸ਼ਨਾਨ ਆਦਿ ਤੋਂ ਵਿਹਲੇ ਹੋ ਕੇ ਸਹਿਜ ਯੋਗ ਨਾਲ ਮਨ ਇਕਾਗਰ ਕਰਕੇ ਪ੍ਰਮਾਤਮਾ ਦਾ ਚਿੰਤਨ ਕਰਨਾ ਚਾਹੀਦਾ ਹੈ।

4. **ਧਨ ਦੀ ਸ਼ਕਤੀ:-** ਇਸ ਸ਼ਕਤੀ ਦੀ ਪ੍ਰਾਪਤੀ ਲਈ ਹਰੇਕ ਵਿਅਕਤੀ ਨੂੰ ਪੁਰਸ਼ਾਰਥੀ ਬਣ ਕੇ, ਸੱਚ ਦੇ ਰਾਹ ਤੇ ਚਲ ਕੇ ਆਪਣੀ ਉਪਜੀਵਿਕਾ ਖੁਦ ਆਪ ਮਿਹਨਤ ਨਾਲ ਕਮਾਉਣੀ ਚਾਹੀਦੀ ਹੈ।

5. **ਪਦਵੀ (ਉਪਾਧੀ) ਦੀ ਸ਼ਕਤੀ:-** ਇਸ ਸ਼ਕਤੀ ਦੀ ਪ੍ਰਾਪਤੀ ਦੇ ਲਈ ਚਲੰਤ ਰਾਜਨੀਤੀ ਵਿਚ ਹਿੱਸਾ ਲੈਂਦਿਆਂ ਅਰਥਾਤ ਯੋਗਤਾ ਦੇ ਬਲ ਤੇ ਤਾਕਤ ਭਾਵ ਉੱਚੀ ਪਦਵੀ ਪ੍ਰਾਪਤ ਕਰਨੀ ਚਾਹੀਦੀ ਹੈ। ਇਸ ਪਦਵੀ ਦੀ ਵਰਤੋਂ ਮਾਨਵ ਕਲਿਆਣ ਲਈ ਕਰਨੀ ਚਾਹੀਦੀ ਹੈ।

6. **ਸ਼ਸਤਰ-ਅਸਤਰ ਸ਼ਕਤੀ:-** ਹਰੇਕ ਵਿਅਕਤੀ ਨੂੰ ਆਪਣੀ ਸੁਰੱਖਿਆ ਦੇ ਲਈ ਸਮੇਂ ਅਨੁਸਾਰ ਆਧੁਨਿਕ ਅਸਤਰ ਸ਼ਸਤਰ ਧਾਰਨ ਕਰਕੇ ਆਤਮ-ਨਿਰਭਰ ਬਣਨਾ ਚਾਹੀਦਾ ਹੈ।

7. **ਜਨ ਸ਼ਕਤੀ:-** ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਕਰਕੇ ਆਪਣੇ ਸੰਪਰਦਾਏ ਦੀ ਸੰਖਿਆ ਨੂੰ ਹਮੇਸ਼ਾ ਵਧਾਉਣਾ ਹੀ ਮੁੱਖ ਉਦੇਸ਼ ਹੋਣਾ ਚਾਹੀਦਾ ਹੈ।

8. **ਏਕਤੀ ਦੀ ਸ਼ਕਤੀ:-** ਆਪਸੀ ਮਤਭੇਦਾਂ ਨੂੰ ਭੁਲਾ ਕੇ ਹਮੇਸ਼ਾ ਸੰਸਥਾਵਾਂ ਦੇ ਰੂਪ ਵਿਚ ਸੰਗਠਿਤ ਹੋ ਕੇ ਰਹਿਣਾ ਚਾਹੀਦਾ ਹੈ।

ਉਪਰਲੀਆਂ ਅੱਠ ਸ਼ਕਤੀਆਂ ਦੀ ਪ੍ਰਾਪਤੀ ਦਾ ਯਤਨ ਹੀ ਸੰਪੂਰਨ ਆਜ਼ਾਦੀ ਹੈ ਅਰਥਾਤ "ਮਾਨਵ ਕਲਿਆਣ" ਦਾ ਪਹਿਲਾ ਕਦਮ ਹੈ। ਅਜਿਹਾ ਸੰਭਵ ਹੋ ਗਿਆ ਤਾਂ ਸਮੁੱਚੇ ਵਿਸ਼ਵ ਵਿਚ ਦੁੱਖ ਕਲੇਸ਼ ਦਾ ਨਾਸ਼ ਹੋ ਜਾਵੇਗਾ ਅਤੇ ਸਦਾ ਲਈ ਸ਼ਾਂਤੀ ਸਥਾਪਿਤ ਹੋ ਜਾਵੇਗੀ। ਜੇ ਇਨ੍ਹਾਂ ਸ਼ਕਤੀਆਂ ਦੇ ਸਦਉਪਯੋਗ ਰਾਹੀਂ ਪੀੜਤ ਵਰਗ ਦੀ ਖੁਸ਼ਹਾਲੀ ਦੇ ਲਈ ਕ੍ਰਮਵਾਰ ਚਾਰ ਭਾਗਾਂ ਵਿਚ ਪ੍ਰੋਗਰਾਮ ਚਲਾਏ ਜਾਣ ਤਾਂ ਸਭ ਠੀਕ ਹੋ ਜਾਵੇਗਾ।

1. **ਸਮਾਜਿਕ ਵਰਗੀਕਰਣ ਦੇ ਵਿਰੁੱਧ:-** ਅਛੂਤ ਕਹੀਆਂ ਜਾਣ ਵਾਲੀਆਂ ਜਾਤੀਆਂ ਨੂੰ ਸਮਾਨਤਾ ਦਾ ਅਧਿਕਾਰ ਦਿਲਵਾਉਣ ਲਈ ਉਨ੍ਹਾਂ ਨੂੰ ਆਪਣੇ ਵਲੋਂ ਪ੍ਰੇਮ-ਪਿਆਰ ਅਰਥਾਤ ਸਤਿਕਾਰ ਦੇ ਆਮ ਜੀਵਨ ਜਿਊਣ ਦੇ ਸਾਧਨ ਉਪਲਬਧ ਕਰਵਾਉਣੇ।

2. **ਆਰਥਿਕ ਸ਼ੋਸ਼ਣ:-** ਅਮੀਰ ਵਰਗ ਦੀ ਆਤਮਾ ਨੂੰ ਝੰਜੋੜਨਾ ਅਰਥਾਤ ਸ਼ੋਸ਼ਿਤ ਵਰਗ ਦੇ ਅਧਿਕਾਰਾਂ ਲਈ ਉਨ੍ਹਾਂ ਦੇ ਪੱਖ ਵਿੱਚ ਨਿਆਂ ਪ੍ਰਾਪਤ ਲਈ ਪੁਕਾਰ ਕਰਨੀ।

3. **ਧਾਰਮਿਕ ਮਤਭੇਦ:-** ਧਰਮ ਦੇ ਨਾਮ ਤੇ ਘ੍ਰਿਣਾ ਨਾ ਕਰਕੇ ਆਪਸੀ ਪ੍ਰੇਮ ਪਿਆਰ ਨਾਲ ਰਹਿਣਾ। ਅੰਧ ਵਿਸ਼ਵਾਸਾਂ ਪਾਖੰਡਾਂ ਦੇ ਵਿਰੁੱਧ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅੰਦੋਲਨ ਚਲਾਉਣਾ, ਜਿਸ ਨਾਲ ਪੀੜਤ ਸਮਾਜ ਨੂੰ ਬਰਾਬਰ ਦਾ ਜੀਵਨ ਅਧਿਕਾਰ ਮਿਲ ਸਕੇ।

**ਲੇਖਕ: ਜਸਬੀਰ ਸਿੰਘ**
**Ph. : (0172-2696891), 09988160484**

ਹਿੰਦੀ ਵਿਆ ਸਿੱਖ ਇਤਿਹਾਸ ਦੀਆਂ ਪੁਸਤਕਾਂ
ਨਿਮਨਲਿਖਿਤ ਪੱਤੇ ਤੋਂ ਮੰਗਵਾ ਸਕਦੇ ਹੋ।

## ਪ੍ਰਕਾਸ਼ਕ

# ਭੁਵਨ ਵਾਣੀ ਟ੍ਰਸਟ

ਮੌਸਮਬਾਗ (ਸੀਤਾਪੁਰ ਰੋਡ) ਲਖਨਉ – 226020

ਫੋਨ : 0522-2758508, ਮੋ : 09451242324

**JASBIR SINGH**

**For Donation :** A/c HDFC : IFSC 0000450
04501570003814

**www.sikhworld.info**

**JASBIR SINGH**

**IFSC Code SBIN0008701**

**For Donation :** A/C 10002798252

**लेखक : जसबीर सिंघ फोन: 099881-60484**

**Type Setting : Radheshyam Choudhary Mob. 9814966882**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in


E-mail : info@sikhworld.info
&
jasbirsikhworldinfo@gmail.com


ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

## ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਸ ਵਿਸਾਲ ਸਿੱਖ ਸੰਗ੍ਰਹਾਲਯ (Museum)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

**ਨੋਟ :-** ਇਹ ਕਮ ਬੱਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।


1. ਜੇਕਰ ਕੋਈ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁ਼ਫਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।